# ਨਗਰ ਨਿਗਮ, ਬਠਿੰਡਾ।

## ਕਾਰਵਾਈ ਅਡਜਾਰਨਡ ਜਨਰਲ ਹਾਊਸ ਦੀ ਮੀਟਿੰਗ ਮਿਤੀ 14.03.2018 ਨੂੰ ਦੁਪਹਿਰ 12.00 ਵਜੇ

ਅੱਜ ਮਿਤੀ 14.03.2018 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 12.03.2018 ਨੂੰ ਅਡਜਾਰਨਡ ਕੀਤੇ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਮਲਕੀਤ ਸਿੰਘ | 2 | ਕੌਂਸਲਰ |
| 2 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 3 | ਹਰਪਾਲ ਸਿੰਘ | 7 | ਕੌਂਸਲਰ |
| 4 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 5 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 6 | ਪੰਕਜ ਅਰੋੜਾ | 12 | ਕੌਂਸਲਰ |
| 7 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 8 | ਰਾਜਾ ਸਿੰਘ | 18 | ਕੌਂਸਲਰ |
| 9 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 10 | ਦਰਸ਼ਨ ਕੁਮਾਰ | 20 | ਕੌਂਸਲਰ |
| 11 | ਸੁਖਮਿੰਦਰ ਸਿੰਘ | 22 | ਕੌਂਸਲਰ |
| 12 | ਕਮਲੇਸ਼ ਰਾਣੀ | 23 | ਕੌਂਸਲਰ |
| 13 | ਪ੍ਰਿਯਕਾ ਗੋਇਲ | 24 | ਕੌਂਸਲਰ |
| 14 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 15 | ਰਾਜ ਕੁਮਾਰ | 27 | ਕੌਂਸਲਰ |
| 16 | ਤਰਲੋਚ ਸਿੰਘ | 29 | ਕੌਂਸਲਰ |
| 17 | ਪ੍ਰੀਤਮ ਕੌਰ | 31 | ਕੌਂਸਲਰ |
| 18 | ਸ਼ਾਮ ਲਾਲ ਜੈਨ | 32 | ਕੌਂਸਲਰ |
| 19 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 20 | ਜਗਰਾਜ ਸਿੰਘ | 36 | ਕੌਂਸਲਰ |
| 21 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 22 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 23 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 24 | ਛਿੰਦਰ ਕੌਰ | 40 | ਕੌਂਸਲਰ |
| 25 | ਅੰਜਨਾ ਰਾਣੀ | 41 | ਕੌਂਸਲਰ |
| 26 | ਪ੍ਰਦੀਪ ਗੋਇਲ | 42 | ਕੌਂਸਲਰ |
| 27 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 28 | ਸੁਖਵਿੰਦਰ ਕੌਰ | 45 | ਕੌਂਸਲਰ |
| 29 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 30 | ਨਿਰਮਲ ਕੌਰ | 47 | ਕੌਂਸਲਰ |
| 31 | ਗੁਰਮੀਤ ਕੌਰ | 49 | ਕੌਂਸਲਰ |
| 32 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸ਼੍ਰੀਮਤੀ ਗੁਰਮੀਤ ਕੌਰ, ਕੌਂਸਲਰ ਨੇ ਪੁੱਛਿਆ ਕਿ ਕਿਸਦੇ ਕਹਿਣ ਤੇ ਉਹਨਾਂ ਦਾ ਮਾਹ ਫਰਵਰੀ 2018 ਦਾ ਮਾਨਭੱਤਾ ਰੋਕਿਆ ਗਿਆ ਸੀ, ਜੋ ਕਿ ਹੁਣ ਉਹਨਾਂ ਦੇ ਖਾਤੇ ਵਿੱਚ ਪਾ ਦਿੱਤਾ ਗਿਆ ਹੈ। ਇਸਦੇ ਜਵਾਬ ਵਿੱਚ ਦਸਿਆ ਗਿਆ ਕਿ ਤਹਿਸੀਲਦਾਰ ਬਠਿੰਡਾ ਜੀ ਪਾਸੋਂ ਨਗਰ ਨਿਗਮ ਨੂੰ ਪੱਤਰ ਪ੍ਰਾਪਤ ਹੋਇਆ ਸੀ ਕਿ ਸ਼੍ਰੀਮਤੀ ਗੁਰਮੀਤ ਕੌਰ, ਕੌਂਸਲਰ, ਵਾਰਡ ਨੰਬਰ 49 ਨੂੰ ਜਾਰੀ ਕੀਤਾ ਐਸ.ਸੀ. ਸਰਟੀਫਿਕੇਟ ਰੱਦ ਕੀਤਾ ਜਾਂਦਾ ਹੈ। ਇਸ ਸਬੰਧੀ ਸੇਧ ਲੈਣ ਖਾਤਰ ਨਗਰ ਨਿਗਮ ਵੱਲੋਂ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਅਤੇ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਪੱਤਰ ਲਿਖਿਆ ਗਿਆ ਸੀ। ਪਰੰਤੂ ਅਜੇ ਤੱਕ ਕੋਈ ਜਵਾਬ ਨਾ ਪ੍ਰਾਪਤ ਹੋਣ ਕਾਰਨ ਮਿਤੀ 09.03.2018 ਨੂੰ ਮਾਨਭੱਤਾ ਰਲੀਜ਼ ਕਰ ਦਿੱਤਾ ਗਿਆ।

ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਬੇਸਹਾਰਾ ਪਸ਼ੂਆਂ ਦੀ ਗਿਣਤੀ ਦਿਨ ਬ ਦਿਨ ਵੱਧ ਰਹੀ ਹੈ। ਇਸ ਨਾਲ ਕਈ ਵਾਰੀ ਜਾਨੀ ਨੁਕਸਾਨ ਵੀ ਹੋ ਰਿਹਾ ਹੈ। ਉਹਨਾਂ ਨਗਰ ਨਿਗਮ ਵੱਲੋਂ ਜਲਦ ਤੋਂ ਜਲਦ ਪਸ਼ੂ ਫੜ੍ਹਨ ਸਬੰਧੀ ਕਾਰਵਾਈ ਕਰਨ ਲਈ ਕਿਹਾ। ਉਹਨਾਂ ਦਸਿਆ ਕਿ ਨਗਰ ਨਿਗਮ ਵੱਲੋਂ ਆਮ ਪਬਲਿਕ ਪਾਸੋਂ ਕਾਊ ਸੈਸ ਇੱਕਠਾ ਕੀਤਾ ਜਾਂਦਾ ਹੈ। ਪਰੰਤੂ ਪਸ਼ੂ ਨਹੀਂ ਫੜੇ ਜਾਂਦੇ। ਉਹਨਾਂ ਇਹ ਵੀ ਕਿਹਾ ਕਿ ਜੇਕਰ ਕਿਸੇ ਬੇਸਹਾਰਾ ਪਸ਼ੂ ਨਾਲ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਨਗਰ ਨਿਗਮ ਵੱਲੋਂ ਉਸਨੂੰ ਹਰਜਾਨਾ ਦਿੱਤਾ ਜਾਵੇ ਅਤੇ ਉਸਦੇ

ਪਰਿਵਾਰ ਦੇ ਕਿਸੇ ਮੈਂਬਰ ਨੂੰ ਸਰਕਾਰੀ ਨੋਕਰੀ ਵੀ ਦਿੱਤੀ ਜਾਵੇ। ਇਸਦੀ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੋਂਸਲਰ ਨੇ ਵੀ ਸਹਿਮਤੀ ਜਤਾਈ। ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੋਂਸਲਰ ਨੇ ਕਿਹਾ ਕਿ ਉਹਨਾਂ ਤੋਂ ਪੁੱਛੇ ਬਗੈਰ ਕਿਸੇ ਇੱਕ ਵਿਅਕਤੀ ਦੇ ਕਹਿਣ ਤੇ ਉਹਨਾਂ ਦੇ ਵਾਰਡ ਦੀ ਇੱਕ ਗਲੀ ਵਿੱਚ ਨਗਰ ਨਿਗਮ ਵੱਲੋਂ ਕਾਉ ਕੈਚਰ ਲਗਾਉਣ ਉਪਰੰਤ ਵੀ ਪਸ਼ੂ ਆ ਜਾਂਦੇ ਹਨ। ਉਹਨਾਂ ਦਸਿਆ ਕਿ ਨਗਰ ਨਿਗਮ ਵੱਲੋਂ 20-25 ਹਜ਼ਾਰ ਖਰਚਣ ਦੇ ਬਾਵਜੂਦ ਵੀ ਕੋਈ ਫਾਇਦਾ ਨਹੀਂ ਹੋਇਆ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਕਿਸੇ ਵੀ ਜਗ੍ਹਾ ਜਾਂ ਗਲੀ ਵਿੱਚ ਕਾਊ ਕੈਚਰ ਲਗਾਉਣ ਜਾਂ ਨਾਂ ਲਗਾਉਣ ਬਾਰੇ ਫੈਸਲਾ ਲੈਣ ਖਾਤਰ ਸਬ-ਕਮੇਟੀ ਬਣਾ ਲਈ ਜਾਵੇ। ਇਸਤੇ ਸਰਵ-ਸੰਮਤੀ ਨਾਲ ਸਹਿਮਤੀ ਪ੍ਰਗਟਾਉਂਦੇ ਹੋਏ ਸਬ-ਕਮੇਟੀ ਬਨਾਉਣ ਦਾ ਫੈਸਲਾ ਲਿਆ ਗਿਆ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਗਏ। ਸਬ-ਕਮੇਟੀ ਦਾ ਫੈਸਲਾ ਤੱਥਾਂ ਸਮੇਤ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਖਾਤਰ ਲਿਆਂਦਾ ਜਾਵੇ ਤਾਂ ਜੋ ਉਸ ਉਪਰੰਤ ਹਾਊਸ ਵੱਲੋਂ ਫੈਸਲਾ ਲਿਆ ਜਾ ਸਕੇ। ਸ਼੍ਰੀ ਹਰਜਿੰਦਰ ਸਿੰਘ ਸ਼ਿੰਦਾ, ਕੋਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ 35-40 ਲੱਖ ਰੁਪਏ ਗਊਸ਼ਾਲਾ ਤੇ ਖਰਚ ਕੀਤੇ ਜਾਂਦੇ ਹਨ। ਪਰੰਤੂ ਸ਼ਹਿਰ ਦੇ ਹਰ ਹਿੱਸੇ ਵਿੱਚ ਬਹੁਤ ਜਿਆਦਾ ਬੇਸਹਾਰਾ ਪਸ਼ੂ ਵੇਖਣ ਨੂੰ ਮਿਲਦੇ ਹਨ। ਉਹਨਾਂ ਵੀ ਜਲਦ ਤੋਂ ਜਲਦ ਪਸ਼ੂ ਫੜ੍ਹਨ ਦੀ ਮੰਗ ਕੀਤੀ। ਸ਼੍ਰੀ ਪ੍ਰਦੀਪ ਗੋਇਲ, ਕੋਂਸਲਰ ਨੇ ਪੁੱਛਿਆ ਕਿ ਹੁਣ ਤੱਕ ਕਿੰਨੇ ਬੇਸਹਾਰਾ ਪਸ਼ੂ ਹਰਰਾਏਪੁਰ ਗਊਸ਼ਾਲਾ ਵਿੱਚ ਛੱਡੇ ਗਏ ਹਨ ਅਤੇ ਕੀ ਸ਼ਹਿਰ ਵਿੱਚ ਸੀਮਿੰਟ ਵੇਚਣ ਵਾਲਿਆਂ ਪਾਸੋਂ ਕਾਉ ਸੈਸ ਇੱਕਠਾ ਕੀਤਾ ਜਾ ਰਿਹਾ ਹੈ, ਜਾਂ ਨਹੀਂ? ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਹੁਣ ਤੱਕ ਤਕਰੀਬਨ 2800 ਬੇਸਹਾਰਾ ਪਸ਼ੂ ਵੱਖ-ਵੱਖ ਗਊਸ਼ਾਲਾਵਾਂ ਵਿੱਚ ਛੱਡੇ ਗਏ ਹਨ, ਜਿੰਨ੍ਹਾਂ ਵਿੱਚੋਂ 673 ਪਸ਼ੂ ਗਊਸ਼ਾਲਾ ਹਰਰਾਏਪੁਰ ਵਿੱਚ ਛੱਡੇ ਗਏ ਹਨ। ਇੰਨ੍ਹਾਂ ਬੇਸਹਾਰਾ ਪਸ਼ੂਆਂ ਲਈ ਹਰ ਸਾਲ ਨਗਰ ਨਿਗਮ ਵੱਲੋਂ ਡਾਇਟ ਮਨੀ ਦੇ ਤੋਰ ਤੇ ਫੰਡਜ਼ ਦਿੱਤੇ ਜਾਂਦੇ ਹਨ। ਇਸਤੋਂ ਇਲਾਵਾ ਅੱਜ ਦੀ ਮੀਟਿੰਗ ਵਿੱਚ ਗਊਸ਼ਾਲਾ ਹਰਰਾਏਪੁਰ ਵਿੱਚ ਚਾਰ ਸ਼ੈਡ ਹੋਰ ਬਨਾਉਣ ਲਈ ਮੁੱਦਾ ਰੱਖਿਆ ਗਿਆ ਹੈ। ਜੇਕਰ ਇਹ ਸ਼ੈਡ ਬਣ ਜਾਂਦੇ ਹਨ ਤਾਂ ਸ਼ਹਿਰ ਵਿੱਚੋਂ ਤਕਰੀਬਨ 1200-1500 ਪਸ਼ੂ ਹੋਰ ਫੜ੍ਹ ਕੇ ਛੱਡੇ ਜਾਣਗੇ। ਉਹਨਾਂ ਇਹ ਵੀ ਦਸਿਆ ਕਿ ਸੀਮਿੰਟ ਵਾਲਿਆਂ ਪਾਸੋਂ ਕਾਉ ਸੈਸ ਨਹੀਂ ਆ ਰਿਹਾ। ਇਸਤੇ ਸ਼੍ਰੀ ਪ੍ਰਦੀਪ ਗੋਇਲ, ਕੋਂਸਲਰ ਨੇ ਸਾਰੇ ਸੀਮਿੰਟ ਦੀਆਂ ਦੁਕਾਨਾਂ ਅਤੇ ਸਟੋਰ ਸੀਲ ਕਰਨ ਦੀ ਮੰਗ ਕੀਤੀ। ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਨਿਗਮ ਵੱਲੋਂ ਬਣਦੀ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਸ਼੍ਰੀ ਹਰਜਿੰਦਰ ਸਿੰਘ ਸ਼ਿੰਦਾ, ਕੋਂਸਲਰ ਨੇ ਕਿਹਾ ਕਿ ਅਵਾਰਾ ਕੁੱਤਿਆਂ ਤੋਂ ਆ ਰਹੀ ਪਰੇਸ਼ਾਨੀ ਬਾਰੇ ਜਾਣੂ ਕਰਵਾਉਂਦੇ ਹੋਏ ਬੇਨਤੀ ਕੀਤੀ ਕਿ ਜਲਦ ਤੋਂ ਜਲਦ ਇਹਨਾਂ ਅਵਾਰਾ ਕੁੱਤਿਆਂ ਤੋਂ ਆ ਰਹੀ ਸਮੱਸਿਆ ਤੋਂ ਨਿਜ਼ਾਤ ਦਿਵਾਈ ਜਾਵੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜਲਦ ਹੀ ਇਸ ਸਮੱਸਿਆ ਬਾਰੇ ਵਿਚਾਰ ਕਰਦੇ ਹੋਏ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸ਼੍ਰੀ ਪ੍ਰਦੀਪ ਗੋਇਲ, ਕੋਂਸਲਰ ਨੇ ਕਿਹਾ ਕਿ ਉਹਨਾਂ ਨੂੰ ਸ਼ਹਿਰ ਵਿੱਚ ਲਗਾਏ ਡਸਟਬੀਨਾਂ ਸਬੰਧੀ ਜਾਣਕਾਰੀ ਮਿਲਣ ਉਪਰੰਤ ਹੀ ਡਸਟਟਬੀਨਾਂ ਦੀ ਸਫਾਈ ਲਈ 17.65 ਲੱਖ ਰੁਪਏ ਦੇ ਤਖਮੀਨੇ ਤੇ ਵਿਚਾਰ ਕੀਤਾ ਜਾਵੇ। ਇਸਤੇ ਸਰਵ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਡਸਟਬੀਨਾਂ ਦੀ ਲੋਕੇਸ਼ਨ ਅਤੇ ਗਿਣਤੀ ਕਰਨ ਖਾਤਰ ਸਬ-ਕਮੇਟੀ ਬਣਾਈ ਜਾਂਦੀ ਹੈ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ। ਸਬ-ਕਮੇਟੀ ਦਾ ਫੈਸਲਾ ਤੱਥਾਂ ਸਮੇਤ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਖਾਤਰ ਲਿਆਂਦਾ ਜਾਵੇ ਤਾਂ ਜੋ ਉਸ ਉਪਰੰਤ ਹਾਊਸ ਵੱਲੋਂ ਫੈਸਲਾ ਲਿਆ ਜਾ ਸਕੇ।

ਸ਼੍ਰੀ ਸੁਖਦੇਵ ਸਿੰਘ ਬਰਾੜ, ਕੋਂਸਲਰ ਨੇ ਪੁੱਛਿਆ ਕਿ ਬੀਬੀ ਵਾਲਾ ਰੋਡ ਤੇ ਬਣ ਰਾਹੀ ਪਬਲਿਕ ਟਾਇਲਟ ਨੂੰ ਕਿਉਂ ਰੋਕ ਦਿੱਤਾ ਗਿਆ? ਇਸਤੇ ਸ਼੍ਰੀ ਦਵਿੰਦਰ ਸਿੰਘ ਜੋੜਾ, ਨਿਗਮ ਇੰਜੀਨੀਅਰ ਨੇ ਦਸਿਆ ਕਿ ਬੀਬੀ ਵਾਲਾ ਰੋਡ ਤੇ ਪਹਿਲਾਂ ਬਣਨ ਜਾ ਰਹੀ ਟਾਇਲਟ ਲਈ ਜਗ੍ਹਾ ਉਪਲਬੱਧ ਨਾ ਹੋਣ ਕਾਰਨ ਨਗਰ ਨਿਗਮ ਦੀ ਚੂੰਗੀ ਵਾਲੀ ਜਗ੍ਹਾ ਤੇ ਨਵੀਂ ਪਬਲਿਕ ਟਾਇਲਟ ਬਣਾਈ ਜਾਵੇਗੀ।

ਸ਼੍ਰੀਮਤੀ ਅੰਜਨਾ ਰਾਣੀ, ਕੋਂਸਲਰ ਨੇ ਕਿਹਾ ਕਿ ਮਿਤੀ 12.03.2018 ਨੂੰ ਹੋਈ ਮੀਟਿੰਗ ਵਿੱਚ ਹੋਏ ਵਿਚਾਰ ਵਟਾਂਦਰੇ ਅਨੁਸਾਰ ਟਰੀ ਗਾਰਡਾਂ ਦੀ ਜਾਂਚ ਕਰਨ ਖਾਤਰ ਸਬ-ਕਮੇਟੀ ਬਣਾਈ ਜਾਵੇ। ਇਸਤੇ ਸਰਵ-ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਟਰੀ ਗਾਰਡਾਂ ਦੀ ਜਾਂਚ ਕਰਨ ਖਾਤਰ ਸਬ-ਕਮੇਟੀ ਬਣਾਈ ਜਾਂਦੀ ਹੈ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ। ਸਬ-ਕਮੇਟੀ ਦਾ ਫੈਸਲਾ ਤੱਥਾਂ ਸਮੇਤ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਖਾਤਰ ਲਿਆਂਦਾ ਜਾਵੇ ਤਾਂ ਜੋ ਉਸ ਉਪਰੰਤ ਹਾਊਸ ਵੱਲੋਂ ਫੈਸਲਾ ਲਿਆ ਜਾ ਸਕੇ। ਸ਼੍ਰੀਮਤੀ ਅੰਜਨਾ ਰਾਣੀ, ਕੋਂਸਲਰ ਨੇ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸੀਮਿੰਟ ਨਾਲ ਕਰਵਾਏ ਜਾਣ ਵਾਲੇ ਕੰਮ ਨਹੀਂ ਹੋ ਰਹੇ। ਇਸਤੇ ਸ਼੍ਰੀ ਦਵਿੰਦਰ ਸਿੰਘ ਜੋੜਾ, ਨਿਗਮ ਇੰਜੀਨੀਅਰ ਨੇ ਦਸਿਆ ਕਿ ਪਿਛਲੇ ਹਫਤੇ ਹੀ ਸੀਮਿੰਟ ਖਰੀਦ ਕਰਨ ਲਈ ਵਰਕ ਆਰਡਰ ਜਾਰੀ ਕੀਤਾ ਗਿਆ ਹੈ। ਜਲਦ ਹੀ ਸੀਮਿੰਟ ਦੀ ਖਰੀਦ ਕਰਕੇ ਜੋ ਵੀ ਸੀਮਿੰਟ ਦਾ ਕੰਮ ਹੋਣ ਵਾਲਾ ਹੈ, ਉਹ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਗੁਰਸੇਵਕ ਸਿੰਘ ਮਾਨ, ਕੋਂਸਲਰ ਨੇ ਕਿਹਾ ਕਿ ਮਿਤੀ 12.03.2018 ਨੂੰ ਹੋਈ ਮੀਟਿੰਗ ਵਿੱਚ ਸ਼੍ਰੀ ਨਿਰਮਲ ਸਿੰਘ ਸੰਧੂ, ਕੋਂਸਲਰ ਜੋ ਕਿਸੇ ਵਜ੍ਹਾ ਅੱਜ ਦੀ ਮੀਟਿੰਗ ਵਿੱਚ ਸ਼ਾਮਲ ਨਾ ਹੋ ਸਕੇ, ਵੱਲੋਂ ਪਾਰਕਿੰਗ ਵਾਲੇ ਠੇਕੇਦਾਰਾਂ ਵੱਲੋਂ ਕੀਤੀ ਜਾ ਰਹੀ ਲੂਟ ਖਸੂਟ ਸਬੰਧੀ ਉਠਾਏ ਸਵਾਲ ਸਬੰਧੀ ਕਾਰਵਾਈ ਕਰਨ ਦੀ ਮੰਗ ਕੀਤੀ। ਇਸਤੇ ਸਰਵ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਇਸ ਸਬੰਧੀ ਵਿਸਥਾਰ ਵਿੱਚ ਜਾਂਚ ਕਰਨ ਖਾਤਰ ਸਬ-ਕਮੇਟੀ ਬਣਾਈ ਜਾਂਦੀ ਹੈ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।ਸਬ-ਕਮੇਟੀ ਦਾ ਫੈਸਲਾ ਤੱਥਾਂ ਸਮੇਤ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਖਾਤਰ ਲਿਆਂਦਾ ਜਾਵੇ ਤਾਂ ਜੋ ਉਸ ਉਪਰੰਤ ਹਾਊਸ ਵੱਲੋਂ ਫੈਸਲਾ ਲਿਆ ਜਾ ਸਕੇ।

ਸ਼੍ਰੀ ਸੁਖਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਜੇ.ਆਈ.ਟੀ.ਐਫ. ਕੰਪਨੀ ਦੇ ਮੁਲਾਜ਼ਮਾਂ ਦੀ ਪਿਛਲੇ ਇੱਕ ਹਫਤੇ ਤੋਂ ਹੜਤਾਲ ਹੋਣ ਕਾਰਨ ਲੋਕਾਂ ਦੇ ਘਰਾਂ ਵਿੱਚ ਕੂੜ੍ਹਾ ਇੱਕਠਾ ਹੋ ਰਿਹਾ ਹੈ। ਉਹਨਾਂ ਨਗਰ ਨਿਗਮ ਦੀਆਂ ਟਰਾਲੀਆਂ ਭੇਜ ਕੇ ਕੂੜ੍ਹਾ ਚੁਕਵਾਉਣ ਲਈ ਬੇਨਤੀ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਚੀਫ ਸੈਨਟਰੀ ਇੰਸਪੈਕਟਰ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਨਿਗਮ ਦੀਆਂ ਟਰਾਲੀਆਂ ਭੇਜ ਕੇ ਲੋਕਾਂ ਦੇ ਘਰਾਂ ਵਿੱਚੋਂ ਕੂੜ੍ਹਾ ਚੁਕਵਾਇਆ ਜਾਵੇ।

ਸ਼੍ਰੀ ਮਲਕੀਤ ਸਿੰਘ, ਕੌਂਸਲਰ ਨੇ ਕਿਹਾ ਕਿ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਅੱਜ ਕਿਸੇ ਰੁਝੇਵੇਂ ਕਾਰਨ ਮੀਟਿੰਗ ਵਿੱਚ ਹਾਜ਼ਰ ਨਹੀਂ ਹੋ ਸਕੇ। ਉਹਨਾਂ ਦਸਿਆ ਕਿ ਸ੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਵੱਲੋਂ ਮਿਤੀ 12.03.2018 ਦੀ ਮੀਟਿੰਗ ਵਿੱਚ ਜੋ ਡੀ-ਸਿਲਟਿੰਗ ਨਾ ਹੋਣ, ਪਾਣੀ ਅਤੇ ਸੀਵਰੇਜ਼ ਸਬੰਧੀ ਸ਼ਿਕਾਇਤਾਂ ਦਾ ਨਿਵਾਰਣ ਨਾ ਹੋਣ, ਤ੍ਰਿਵੇਣੀ ਕੰਪਨੀ ਵੱਲੋਂ ਤਸੱਲੀਬਖਸ਼ ਕੰਮ ਨਾ ਕਰਨ ਕਾਰਨ ਤ੍ਰਿਵੇਣੀ ਕੰਪਨੀ ਦਾ ਕੋਈ ਵੀ ਨੁਮਾਇੰਦਾ ਮੀਟਿੰਗ ਵਿੱਚ ਨਾ ਹੋਣ ਦੇ ਰੋਸ ਵਿੱਚ ਜੋ ਬਾਈਕਾਟ ਕੀਤਾ ਗਿਆ ਸੀ। ਉਹਨਾਂ ਸ੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਵੱਲੋਂ ਉਠਾਏ ਮੁੱਦਿਆਂ ਸਬੰਧੀ ਨਗਰ ਨਿਗਮ ਵੱਲੋਂ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਦੋਸ਼ ਲਗਾਇਆ ਕਿ ਕੁੱਝ ਲੋਕਾਂ ਵੱਲੋਂ ਸ਼ਹਿਰ ਦੇ ਛੱਪੜ੍ਹਾਂ ਤੇ ਕਬਜੇ ਕੀਤੇ ਜਾ ਰਹੇ ਹਨ। ਉਹਨਾਂ ਪੁੱਛਿਆ ਕਿ ਜੋ ਨਵੀਂ ਜੇ.ਸੀ.ਬੀ. ਮਸ਼ੀਨ ਦੀ ਖਰੀਦ ਕੀਤੀ ਗਈ ਹੈ, ਕੀ ਉਹ ਮਾਨਯੋਗ ਮੇਅਰ ਸਾਹਿਬ ਦੀ ਹੈ? ਸ਼੍ਰੀ ਮਲਕੀਤ ਸਿੰਘ, ਕੌਂਸਲਰ ਦੇ ਇਸ ਤਰ੍ਹਾਂ ਮਾਨਯੋਗ ਮੇਅਰ ਸਾਹਿਬ ਤੇ ਦੋਸ਼ ਲਗਾਉਣ ਦੇ ਵਿਰੋਧ ਵਿੱਚ ਹਾਊਸ ਵਿੱਚ ਮੋਜੂਦ ਕੌਂਸਲਰ ਸਾਹਿਬਾਨ ਵੱਲੋਂ ਨਿਖੇਧੀ ਕੀਤੀ ਗਈ ਅਤੇ ਨਿੱਜੀ ਅਟੈਕ ਕਰਨ ਵਿਰੁੱਧ ਸ਼੍ਰੀ ਮਲਕੀਤ ਸਿੰਘ, ਕੌਂਸਲਰ ਦੀ ਪੁਰਜ਼ੋਰ ਨਿੰਦਾ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਕਿਸੇ ਤੇ ਵੀ ਝੂਠਾ ਦੋਸ਼ ਲਗਾਉਣਾ ਬਹੁਤ ਹੀ ਮਾੜੀ ਗੱਲ ਹੈ। ਉਹਨਾਂ ਦਸਿਆ ਕਿ ਜੋ ਜੇ.ਸੀ.ਬੀ. ਮਸ਼ੀਨ ਦੀ ਖਰੀਦ ਕੀਤੀ ਗਈ ਹੈ, ਉਹ ਸਵੱਛ ਭਾਰਤ ਮਿਸ਼ਨ ਤਹਿਤ ਖਰੀਦ ਕੀਤੀ ਗਈ ਹੈ। ਛੱਪੜਾਂ ਤੇ ਹੋਏ ਕਬਜਿਆਂ ਬਾਰੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜਿਸ ਕਿਸੇ ਨੇ ਵੀ ਕਬਜਾ ਕੀਤਾ ਹੈ, ਉਹਨਾਂ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸਤੇ ਸਰਵ-ਸੰਮਤੀ ਨਾਲ ਪਾਸ ਕੀਤਾ ਗਿਆ ਕਿ ਅੱਜ ਦੀ ਮੀਟਿੰਗ ਵਿੱਚ ਛੱਪੜਾਂ ਤੇ ਹੋ ਰਹੇ ਕਬਜਿਆਂ ਬਾਰੇ ਵਿਸਥਾਰ ਵਿੱਚ ਜਾਂਚ ਅਤੇ ਪੜਤਾਲ ਕਰਨ ਲਈ ਸਬ-ਕਮੇਟੀ ਬਣਾਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।ਸਬ-ਕਮੇਟੀ ਦਾ ਫੈਸਲਾ ਤੱਥਾਂ ਸਮੇਤ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਖਾਤਰ ਲਿਆਂਦਾ ਜਾਵੇ ਤਾਂ ਜੋ ਉਸ ਉਪਰੰਤ ਹਾਊਸ ਵੱਲੋਂ ਫੈਸਲਾ ਲਿਆ ਜਾ ਸਕੇ।

ਵਾਰਡ ਨੰਬਰ 2 ਵਿੱਚ ਵਿਕਾਸ ਦੇ ਕੰਮ ਨਾ ਹੋਣ ਦੇ ਰੋਸ ਵੱਜੋਂ ਸ਼੍ਰੀ ਮਲਕੀਤ ਸਿੰਘ, ਸ਼੍ਰੀ ਰਾਜਾ ਸਿੰਘ, ਸ਼੍ਰੀ ਬੇਅੰਤ ਸਿੰਘ ਰੰਧਾਵਾ, ਸ਼੍ਰੀਮਤੀ ਪ੍ਰਿਯੰਕਾ ਗੋਇਲ, ਸ਼੍ਰੀ ਰਾਜ ਕੁਮਾਰ, ਸ਼੍ਰੀ ਜਗਰਾਜ ਸਿੰਘ, ਸ਼੍ਰੀਮਤੀ ਸੁਖਵਿੰਦਰ ਕੋਰ ਅਤੇ ਸ਼੍ਰੀਮਤੀ ਨਿਰਮਲ ਕੋਰ ਕੌਂਸਲਰ ਸਾਹਿਬਾਨ ਧਰਨੇ ਤੇ ਬੈਠ ਗਏ ਅਤੇ ਮਾਨਯੋਗ ਮੇਅਰ ਸਾਹਿਬ ਦੇ ਖਿਲਾਫ ਨਾਰੇਬਾਜੀ ਕੀਤੀ, ਜਦਕਿ ਬਾਕੀ ਕੌਂਸਲਰ ਸਾਹਿਬਾਨ ਨੇ ਮਾਨਯੋਗ ਮੇਅਰ ਸਾਹਿਬ ਜੀ ਦੇ ਪੱਖ ਵਿੱਚ ਨਾਰੇਬਾਜ਼ੀ ਕਰਦੇ ਹੋਏ ਸ਼੍ਰੀ ਮਲਕੀਤ ਸਿੰਘ, ਕੌਂਸਲਰ ਖਿਲਾਫ ਨਿੱਜੀ ਤੋਰ ਤੇ ਝੂਠਾ ਇਲਜਾਮ ਲਗਾਉਣ, ਮਾਨਯੋਗ ਮੇਅਰ ਸਾਹਿਬ ਜੀ ਦੇ ਨਾਲ-ਨਾਲ ਨਿਗਮ ਦਾ ਅਕਸ ਖਰਾਬ ਕਰਨ ਤੇ ਪੁਰਜ਼ੋਰ ਨਿੰਦਾ ਕਰਦੇ ਹੋਏ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ।

ਸ਼੍ਰੀਮਤੀ ਗੁਰਮੀਤ ਕੋਰ, ਕੌਂਸਲਰ ਵੀ ਆਪਣਾ ਮਾਨਭੱਤਾ ਸਮੇਂ ਸਿਰ ਖਾਤੇ ਵਿੱਚ ਨਾ ਪਾਉਣ ਕਾਰਨ ਮਾਨਯੋਗ ਮੇਅਰ ਸਾਹਿਬ ਦੇ ਖਿਲਾਫ ਧਰਨੇ ਤੇ ਬੈਠ ਗਏ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਜੱਦ ਤੋਂ ਹਾਊਸ ਬਣਿਆ ਹੈ, ਉਹਨਾਂ ਦੇ ਵਾਰਡ ਵਿੱਚ ਇੱਕ ਵੀ ਕੰਮ ਨਹੀਂ ਹੋਇਆ। ਉਹਨਾਂ ਇਹ ਵੀ ਕਿਹਾ ਕਿ ਨਗਰ ਨਿਗਮ ਵੱਲੋਂ ਜੋ ਵੀ ਕੰਮ ਉਹਨਾਂ ਦੇ ਵਾਰਡ ਵਿੱਚ ਸ਼ੁਰੂ ਕੀਤਾ ਗਿਆ, ਉਹ ਵਿਚਾਲੇ ਹੀ ਛਡਿਆ ਹੋਇਆ ਹੈ। ਉਹਨਾਂ ਦਸਿਆ ਕਿ ਮਾਨਯੋਗ ਮੇਅਰ ਸਾਹਿਬ ਕਹਿ ਰਹੇ ਹਨ ਕਿ ਵਿਕਾਸ ਦੇ ਕੰਮ ਕਰਾਉਣ ਲਈ ਫੰਡਜ਼ ਨਹੀਂ ਹਨ। ਇਸਤੋਂ ਇਲਾਵਾ ਵੱਖ-ਵੱਖ ਵਾਰਡਾਂ ਵਿੱਚ ਚੱਲ ਰਹੇ ਵਿਕਾਸ ਦੇ ਕੰਮ ਬੰਦ ਕੀਤੇ ਜਾ ਰਹੇ ਹਨ। ਉਹਨਾਂ ਜਾਣੂ ਕਰਵਾਇਆ ਕਿ ਹਾਊਸ ਵਿੱਚ ਪਹਿਲਾਂ ਪਾਸ ਕੀਤਾ ਹੋਇਆ ਹੈ ਕਿ ਸੰਗੂਆਣਾ ਬਸਤੀ ਵਿਖੇ ਛੱਪੜ ਦੇ ਆਲੇ-ਦੁਆਲੇ ਦੀਵਾਰ ਕੀਤੀ ਜਾਵੇ, ਪਰੰਤੂ ਅਜੇ ਤੱਕ ਕੋਈ ਦੀਵਾਰ ਨਹੀਂ ਕੀਤੀ ਗਈ, ਜਿਸ ਕਾਰਨ ਲੋਕਾਂ ਵੱਲੋਂ ਨਜਾਇਜ ਕਬਜੇ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਉਹਨਾਂ ਵੱਲੋਂ ਵਿਕਾਸ ਦੇ ਜੋ ਕੰਮ ਕਰਾਉਣ ਖਾਤਰ ਪਹਿਲਾਂ ਹੋਈ ਹਾਊਸ ਦੀ ਮੀਟਿੰਗ ਵਿੱਚ ਧਰਨਾ ਦਿੱਤਾ ਗਿਆ ਸੀ, ਉਹ ਅੱਜ ਵੀ ਨਹੀਂ ਕਰਵਾਇਆ ਗਿਆ। ਉਹਨਾਂ ਇਹ ਵੀ ਕਿਹਾ ਕਿ ਸੁਭਾਸ਼ ਬਸਤੀ ਦੀਆਂ ਸੜ੍ਹਕਾਂ ਪੁੱਟ ਦਿੱਤੀਆਂ ਗਈਆਂ ਹਨ ਅਤੇ ਬਣਾਈਆਂ ਨਹੀਂ ਜਾ ਰਹੀਆਂ। ਸ਼੍ਰੀ ਤਰਲੋਚ ਸਿੰਘ, ਕੌਂਸਲਰ ਨੇ ਕਿਹਾ ਕਿ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਦੇ ਕੰਮ ਨਾ ਹੋਣ ਕਾਰਨ ਬਣਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ।

ਛੱਪੜਾਂ ਤੇ ਹੋਏ ਕਬਜਿਆਂ ਬਾਰੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜਿਸ ਕਿਸੇ ਨੇ ਵੀ ਕਬਜਾ ਕੀਤਾ ਹੈ, ਉਹਨਾਂ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਇਸ ਸਬੰਧੀ ਅੱਜ ਦੀ ਮੀਟਿੰਗ ਵਿੱਚ ਹੀ ਮਤਾ ਪਾਸ ਕਰ ਦਿੱਤਾ ਜਾਵੇ। ਮਾਨਯੋਗ ਮੇਅਰ ਸਾਹਿਬ ਨੇ ਇਹ ਵੀ ਜਾਣੂ ਕਰਵਾਇਆ ਕਿ ਛੱਪੜ੍ਹਾਂ ਤੇ ਹੋ ਰਹੇ ਕਬਜਿਆਂ ਨੂੰ ਰੋਕਣ ਖਾਤਰ ਪਹਿਲਾਂ ਵੀ ਹਾਊਸ ਵੱਲੋਂ ਸਬ-ਕਮੇਟੀ ਬਣਾਈ ਹੋਈ ਹੈ, ਉਸਦੀ ਰਿਪੋਰਟ ਵੀ ਤਲਬ ਕਰ ਲਈ ਜਾਵੇ। ਉਹਨਾਂ ਜਲਦ ਤੋਂ ਜਲਦ ਸੰਗੂਆਣਾ ਟੋਭੇ ਤੇ ਚਾਰਦੀਵਾਰੀ ਕਰਨ ਅਤੇ ਇਸ ਉਪਰ ਗਰਿਲ ਲਗਾਉਣ ਦੀ ਹਦਾਇਤ ਕੀਤੀ। ਉਹਨਾਂ ਸੁਭਾਸ਼ ਬਸਤੀ ਵਿੱਚ ਸੜ੍ਹਕਾਂ ਪੁੱਟਣ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਦਸਿਆ ਕਿ ਇਸ ਬਸਤੀ ਵਿੱਚ ਸੀਵਰੇਜ਼ ਪਾਉਣ ਖਾਤਰ ਪਹਿਲਾਂ ਜੋ ਪੁਰਾਣੀ ਕੰਕਰੀਟ ਦੀ ਸੜ੍ਹਕ ਬਣੀ ਹੋਈ ਸੀ, ਜੋ ਜੇ.ਸੀ.ਬੀ. ਮਸ਼ੀਨ ਜਾਂ ਲੇਬਰ ਤੋਂ ਟੁੱਟ ਨਹੀਂ ਰਹੀ ਸੀ। ਇਸਨੂੰ ਤੋੜ੍ਹਨ ਖਾਤਰ ਬਾਹਰ ਤੋਂ ਸਪੈਸ਼ਲ ਲੇਬਰ ਮੰਗਵਾਈ ਗਈ। ਇਸਤੋਂ ਇਲਾਵਾ ਸੁਭਾਸ਼ ਬਸਤੀ ਦੀਆਂ ਗਲੀਆਂ ਭੀੜੀਆਂ ਹੋਣ ਕਾਰਨ ਸੀਵਰੇਜ਼ ਪਾਉਣ ਵਿੱਚ ਬਹੁਤ ਜਿਆਦਾ ਦਿੱਕਤ ਆਈ। ਅਜੇ ਵੀ ਇੱਕ ਗਲੀ ਵਿੱਚ ਸੀਵਰ ਪਾਇਆ ਜਾਣਾ ਬਾਕੀ ਹੈ। ਜੱਦ ਸੀਵਰ ਪੈ ਜਾਵੇਗਾ, ਉਸ ਉਪਰੰਤ

ਸੜ੍ਹਕਾਂ ਬਨਾਉਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਹਨਾਂ ਇਹ ਵੀ ਦਸਿਆ ਕਿ ਸ੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਦੇ ਵਾਰਡ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਨਗਰ ਨਿਗਮ ਵੱਲੋਂ ਤਖਮੀਨੇ ਬਣਾਏ ਹੋਏ ਹਨ। ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਸਾਲ 2017-18 ਲਈ ਵਿਕਾਸ ਦੇ ਕੰਮਾਂ ਖਾਤਰ 10.00 ਕਰੋੜ੍ਹ ਰੁਪਏ ਦੇ ਰੱਖੇ ਬਜਟ ਵਿਰੁੱਧ 9.55 ਕਰੋੜ੍ਹ ਰੁਪਏ ਹੁਣ ਤੱਕ ਖਰਚ ਹੋ ਚੁੱਕੇ ਹਨ। ਉਹਨਾਂ ਇਹ ਵੀ ਕਿਹਾ ਕਿ ਜਲਦ ਤੋਂ ਜਲਦ ਰਹਿੰਦੇ ਵਿਕਾਸ ਦੇ ਕੰਮ ਕਰਵਾ ਦਿੱਤੇ ਜਾਣਗੇ।

ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਕਿਹਾ ਕਿ ਉਹਨਾਂ ਨੂੰ ਏਜੰਡਾਂ ਨੰਬਰ 19 ਤੇ ਦਰਜ਼ ਗਰੀਨ ਸਿਟੀ ਟੇਕ ਓਵਰ ਕਰਨ ਅਤੇ ਜੋ ਕ੍ਰਿਸ਼ਨਾ ਨਗਰ, ਮਲੋਟ ਰੋਡ ਦੀਆਂ ਸੜ੍ਹਕਾਂ ਅਤੇ ਸਟਰੀਟ ਲਾਈਟ ਲਾਉਣ ਸਬੰਧੀ ਸਪਲੀਮੈਂਟਰੀ ਏਜੰਡਾ ਲਗਾਇਆ ਗਿਆ ਹੈ, ਉਹ ਨਾਂ-ਮੰਨਜ਼ੂਰ ਹੈ। ਉਹਨਾਂ ਕਿਹਾ ਕਿ ਉਹ ਕਿਸੇ ਵੀ ਕਲੋਨੀ ਨੂੰ ਨਗਰ ਨਿਗਮ ਵੱਲੋਂ ਟੇਕ ਓਵਰ ਕਰਨ ਦੇ ਹੱਕ ਵਿੱਚ ਹੀ ਨਹੀਂ ਹਨ।

ਸ੍ਰੀਮਤੀ ਗੁਰਮੀਤ ਕੋਰ, ਕੌਂਸਲਰ ਨੇ ਗੰਗਾ ਨਗਰ ਰੇਲਵੇ ਲਾਈਨ ਤੋਂ ਗੁਰੂਕੁੱਲ ਰੋਡ ਤੱਕ ਜੋੜ੍ਹਦੀ ਸੀਵਰ ਪਾਈਪ ਪਿਛਲੇ ਕਾਫੀ ਸਮੇਂ ਤੋਂ ਕਹਿਣ ਦੇ ਬਾਵਜੂਦ ਵੀ ਕੰਮ ਨਾ ਹੋਣ ਬਾਰੇ ਪੁੱਛਣ ਤੇ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀ ਸ੍ਰੀ ਰਾਕੇਸ਼ ਕੁਮਾਰ ਮਹਿਤਾ, ਐਸ.ਡੀ.ਓ. ਨੇ ਦਸਿਆ ਕਿ ਤ੍ਰਿਵੇਣੀ ਕੰਪਨੀ ਵੱਲੋਂ ਮੌਕਾ ਦੇਖ ਲਿਆ ਗਿਆ ਹੈ ਅਤੇ ਹੁਣ ਜਲਦ ਹੀ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਜਗਰਾਜ ਸਿੰਘ ਕੌਂਸਲਰ ਨੇ ਮੰਗ ਪੱਤਰ ਦਿੰਦੇ ਹੋਏ ਬੇਨਤੀ ਕੀਤੀ ਕਿ ਮਹਿਣਾ ਬਸਤੀ ਵਿੱਚ ਸੀਵਰੇਜ਼ ਨਾ ਹੋਣ ਕਾਰਨ ਲੋਕਾਂ ਨੂੰ ਬਹੁਤ ਜਿਆਦਾ ਪਰੇਸ਼ਾਨੀ ਆ ਰਹੀ ਹੈ। ਉਹਨਾਂ ਜਲਦ ਤੋਂ ਜਲਦ ਮਹਿਣਾ ਬਸਤੀ ਵਿੱਚ ਸੀਵਰੇਜ਼ ਪਾਉਣ ਲਈ ਬੇਨਤੀ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਬਣਦਾ ਕੰਮ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਕਈ ਥਾਂਈਂ ਪਾਈਆ ਪਾਣੀ ਦੀਆਂ ਪਾਈਪਾਂ ਲੀਕ ਹੋ ਰਹੀਆਂ ਹਨ ਅਤੇ ਕਈ ਥਾਂਈਂ ਪੀਣ ਵਾਲਾ ਪਾਣੀ ਗੰਦਾ ਆ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਵੱਲੋਂ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਸਬੰਧੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਰਾਜਵਿੰਦਰ ਸਿੰਘ ਸਿੱਧੂ, ਕੌਂਸਲਰ ਨੇ ਦਸਿਆ ਕਿ ਅੱਜ ਦੀ ਮੀਟਿੰਗ ਵਿੱਚ ਲੜੀ ਨੰ: 2 ਅਤੇ 3 ਤੇ ਦਰਜ਼ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਸ਼ਹਿਰ ਵਿੱਚੋਂ ਕੂੜ੍ਹਾ ਚੁੱਕ ਕੇ ਪਹਿਲਾਂ ਵਾਲੀ ਜਗ੍ਹਾ ਤੇ ਬਣੇ ਕੂੜ੍ਹਾਂ-ਕਰੱਕਟ ਪਲਾਂਟ ਵਿੱਚ ਹੀ ਡੰਪ ਕਰਨ ਦੀ ਤਜਵੀਜ ਬਣਾਈ ਗਈ ਹੈ। ਇਸ ਸਬੰਧੀ ਉਹਨਾਂ ਬੇਨਤੀ ਕੀਤੀ ਕਿ ਇਸ ਕੂੜ੍ਹਾ-ਕਰਕੱਟ ਪਲਾਂਟ ਦੇ ਆਸ-ਪਾਸ ਬਹੁਤ ਜਿਆਦਾ ਸੰਘਣੀ ਆਬਾਦੀ ਹੈ। ਇਹਨਾਂ ਲੋਕਾਂ ਵਿੱਚ ਡਰ ਅਤੇ ਸਹਿਮ ਦਾ ਹਰ ਵੇਲੇ ਮਾਹੋਲ ਬਣਿਆ ਰਹਿੰਦਾ ਹੈ ਕਿ ਇਸ ਪਲਾਂਟ ਕਾਰਨ ਕਿਸੇ ਵੇਲੇ ਵੀ ਕੋਈ ਗੰਭੀਰ ਬੀਮਾਰੀ ਫੈਲ ਸਕਦੀ ਹੈ। ਆਮ ਪਬਲਿਕ ਦੇ ਡਰ ਅਤੇ ਉਹਨਾਂ ਦੀ ਸਿਹਤ ਦਾ ਧਿਆਨ ਰਖਦੇ ਹੋਏ ਇਸ ਹਾਊਸ ਵੱਲੋਂ ਪਹਿਲਾਂ ਹੀ ਇਸ ਡੰਪ ਨੂੰ ਸ਼ਿਫਟ ਕਰਨਾ ਪਾਸ ਕੀਤਾ ਹੋਇਆ ਹੈ, ਜੋ ਕਿ ਪਿਛਲੀ ਸਰਕਾਰ ਵੱਲੋਂ ਮੰਨਜ਼ੂਰ ਵੀ ਹੋ ਚੁੱਕਾ ਹੈ ਅਤੇ ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਦਫਤਰ ਨੂੰ ਇੱਕ ਪੱਤਰ ਵੀ ਜਾਰੀ ਹੋ ਚੁੱਕਾ ਹੈ। ਇਸ ਸਬੰਧੀ ਉਹਨਾਂ ਬੇਨਤੀ ਕੀਤੀ ਕਿ ਬੇਸ਼ਕ ਮਾਨਯੋਗ ਅਦਾਲਤ ਦਾ ਹੁਕਮ ਮੰਨਣਾ ਜਰੂਰੀ ਹੈ, ਪਰੰਤੂ ਲੋਕਾਂ ਦੀ ਸਿਹਤ ਦਾ ਧਿਆਨ ਰੱਖਣਾ ਵੀ ਨਗਰ ਨਿਗਮ ਦੀ ਜਿੰਮੇਵਾਰੀ ਹੈ। ਇਸ ਲਈ ਉਹਨਾਂ ਬੇਨਤੀ ਕੀਤੀ ਕਿ ਉਕਤ ਦੇ ਮੱਦੇ-ਨਜ਼ਰ ਨਿਗਮ ਵੱਲੋਂ ਬਣਦੀ ਅਗਲੀ ਕਾਰਵਾਈ ਕੀਤੀ ਜਾਵੇ, ਤਾਂ ਜੋ ਇਸ ਮੋਜੂਦਾ ਕੂੜ੍ਹਾ-ਕਰਕੱਟ ਪਲਾਂਟ ਨੂੰ ਇਸ ਥਾਂ ਤੋਂ ਸ਼ਿਫਟ ਕਰਕੇ ਨਿਗਮ ਵੱਲੋਂ ਆਮ ਪਬਲਿਕ ਨੂੰ ਰਾਹਤ ਦਿਵਾਈ ਜਾ ਸਕੇ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਆਖਿਆ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰ ਸਾਹਿਬਾਨ ਅਤੇ ਹੋਰ ਸਾਰੇ ਕੌਂਸਲਰ ਸਾਹਿਬਾਨ ਨੂੰ ਨਾਲ ਲੈਂਦੇ ਹੋਏ ਮਾਨਯੋਗ ਮੇਅਰ ਸਾਹਿਬ ਤੋਂ ਅਸਤੀਫੇ ਦੀ ਮੰਗ ਕਰਦੇ ਹਨ। ਇਸਦੇ ਵਿਰੋਧ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰ ਸਾਹਿਬਾਨ ਅਤੇ ਹੋਰ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਉਹ ਇਸ ਮੰਗ ਦੇ ਖਿਲਾਫ ਹਨ ਅਤੇ ਮੇਅਰ ਸਾਹਿਬ ਦੇ ਹੱਕ ਵਿੱਚ ਹਨ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਏਜੰਡਾ ਨੰਬਰ 1 :**

ਮੀਟਿੰਗ ਮਿਤੀ 18.10.2017 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 80 : ਪਾਸ ਕੀਤਾ ਗਿਆ ਕਿ ਮੀਟਿੰਗ ਮਿਤੀ 18.10.2017 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

**ਏਜੰਡਾ ਨੰਬਰ 2 :**

ਰਿਪੋਰਟ ਵਰਕਸ ਸ਼ਾਖਾ ਕਿ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵੱਲੋਂ ਅਪੀਲ ਨੰ: 70 ਆਫ 2012 ਵਿੱਚ ਹੁਕਮ ਕੀਤਾ ਹੈ ਕਿ ਮੈਸ: JITF ਕੰਪਨੀ ਮਿਤੀ 30 ਅਪ੍ਰੈਲ ਤੱਕ ਬਠਿੰਡਾ ਸ਼ਹਿਰ ਅਤੇ ਸਾਰੇ ਕਲੱਸਟਰ ਵਿੱਚੋਂ ਕੂੜ੍ਹਾ ਇੱਕਠਾ ਕਰਨ ਅਤੇ ਇਸ ਦੀ ਪ੍ਰੋਸੈਸਿੰਗ ਪਲਾਂਟ ਤੱਕ ਢੁਆਈ ਕਰਨ ਦਾ ਕੰਮ ਕਰੇਗੀ। ਇਸ ਤੋਂ ਬਾਅਦ, 1 ਮਈ ਤੋਂ ਰੋਜ਼ਾਨਾ ਕੂੜੇ ਦੀ ਕੁਲੈਕਸ਼ਨ ਅਤੇ ਪ੍ਰੋਸੈਸਿੰਗ ਪਲਾਂਟ ਤੱਕ ਕੂੜੇ ਦੀ ਢੁਆਈ ਦਾ ਕੰਮ ਕਲੱਸਟਰ ਸ਼ਹਿਰ ਦੀਆਂ ਨਗਰ ਨਿਗਮ ਜਾਂ ਨਗਰ ਕੌਂਸਲਾਂ ਵੱਲੋਂ ਕੀਤਾ ਜਾਣਾ ਹੈ। ਨਗਰ ਨਿਗਮ ਬਠਿੰਡਾ ਵੱਲੋਂ ਇਸ ਕੰਮ ਲਈ ਹੁਣ ਤੋਂ ਹੀ ਤਿਆਰੀ ਕਰਨੀ ਅਤਿ ਜਰੂਰੀ ਹੈ।

ਦਫਤਰ ਵੱਲੋਂ ਬਣਾਈ ਤਜਵੀਜ ਮੁਤਾਬਿਕ ਸਾਰਾ ਕੂੜਾ (ਰਿਹਾਇਸ਼ੀ ਅਤੇ ਕਮਰਸ਼ੀਅਲ) ਮਿੰਨੀ ਟਿੱਪਰਾਂ ਰਾਹੀਂ ਕੁਲੈਕਟ ਕਰਕੇ ਸਿੱਧਾ ਹੀ ਉਨ੍ਹਾਂ ਦੁਆਰਾ ਹੀ ਪ੍ਰੋਸੈਸਿੰਗ ਪਲਾਂਟ ਸਾਈਟ ਤੇ ਪਹੁੰਚਾਇਆ ਜਾਵੇਗਾ, ਜਿਸ ਕਰਕੇ Secondary Collection Point (SCP) ਦੀ ਲੋੜ੍ਹ ਨਹੀਂ ਰਹੇਗੀ। ਕੂੜੇ ਦੀ ਰੀ-ਹੈਂਡਲਿੰਗ ਤੋਂ ਬਚਿਆ ਜਾ ਸਕੇਗਾ ਅਤੇ ਸ਼ਹਿਰ ਦੀ ਦਿੱਖ ਵੀ ਸੋਹਣੀ ਹੋਵੇਗੀ।

ਉਕਤ ਤਜਵੀਜ ਦੀ ਵਿਹਾਰ ਯੋਗਤਾ (Feasibility) ਦੀ ਪੜਤਾਲ ਕਰਨ ਲਈ ਅਜਮਾਇਸ਼ ਦੇ ਤੋਰ ਤੇ ਜ਼ੋਨ ਨੰਬਰ 2 ਅਤੇ ਜੋਨ ਨੰਬਰ 5 ਦਾ ਕੰਮ ਦੋ ਮਹੀਨੇ ਲਈ ਠੇਕੇ ਤੇ ਦੇਣ ਲਈ (ਠੇਕੇਦਾਰ ਦੀਆਂ ਗੱਡੀਆਂ ਨਾਲ) ਟੈਂਡਰ (ਸ਼ਰਤਾਂ ਦੇ ਨਾਲ) ਬਣਾਇਆ ਗਿਆ ਹੈ।

ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "ਹਾਊਸ ਦੀ ਪ੍ਰਵਾਨਗੀ ਦੀ ਆਸ ਵਿੱਚ ਅਗ੍ਰਿਮ ਮੰਨਜ਼ੂਰੀ ਦਿੱਤੀ ਜਾਵੇ ਜੀ।" ਇਸ ਸਬੰਧੀ ਕਮਿਸ਼ਨਰ ਸਾਹਿਬ ਨੇ ਰਿਪੋਰਟ ਕੀਤੀ ਹੈ ਕਿ "Short term tender of 7 days may be allowed to be called seeing the paucity of time and urgency of work."

ਕੰਮ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਮਾਨਯੋਗ ਮੇਅਰ ਸਾਹਿਬ ਵੱਲੋਂ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮਿਤੀ 28.02.2018 ਨੂੰ ਮੰਨਜ਼ੂਰੀ ਦਿੱਤੀ ਗਈ ਹੈ।

ਤਜਵੀਜ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 81 : ਪ੍ਰਵਾਨ ਹੈ।**

**ਏਜੰਡਾ ਨੰਬਰ 3 :**

ਰਿਪੋਰਟ ਵਰਕਸ ਸ਼ਾਖਾ ਕਿ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵੱਲੋਂ ਅਪੀਲ ਨੰ: 70 ਆਫ 2012 ਵਿੱਚ ਹੁਕਮ ਕੀਤਾ ਹੈ ਕਿ ਮੈਸ: JITF ਕੰਪਨੀ ਮਿਤੀ 30 ਅਪ੍ਰੈਲ ਤੱਕ ਬਠਿੰਡਾ ਸ਼ਹਿਰ ਅਤੇ ਸਾਰੇ ਕਲੱਸਟਰ ਵਿੱਚੋਂ ਕੂੜ੍ਹਾ ਇੱਕਠਾ ਕਰਨ ਅਤੇ ਇਸ ਦੀ ਪ੍ਰੋਸੈਸਿੰਗ ਪਲਾਂਟ ਤੱਕ ਢੁਆਈ ਕਰਨ ਦਾ ਕੰਮ ਕਰੇਗੀ। ਇਸ ਤੋਂ ਬਾਅਦ, 1 ਮਈ ਤੋਂ ਰੋਜ਼ਾਨਾ ਕੂੜੇ ਦੀ ਕੁਲੈਕਸ਼ਨ ਅਤੇ ਪ੍ਰੋਸੈਸਿੰਗ ਪਲਾਂਟ ਤੱਕ ਕੂੜੇ ਦੀ ਢੁਆਈ ਦਾ ਕੰਮ ਕਲੱਸਟਰ ਸ਼ਹਿਰ ਦੀਆਂ ਨਗਰ ਨਿਗਮ ਜਾਂ ਨਗਰ ਕੌਂਸਲਾਂ ਵੱਲੋਂ ਕੀਤਾ ਜਾਣਾ ਹੈ। ਨਗਰ ਨਿਗਮ ਬਠਿੰਡਾ ਵੱਲੋਂ ਇਸ ਕੰਮ ਲਈ ਹੁਣ ਤੋਂ ਹੀ ਤਿਆਰੀ ਕਰਨੀ ਅਤਿ ਜਰੂਰੀ ਹੈ।

ਉਪਰੋਕਤ ਨੂੰ ਧਿਆਨ ਵਿੱਚ ਰਖਦੇ ਹੋਏ ਦਫਤਰ ਵੱਲੋਂ ਇਹ ਤਜਵੀਜ ਕੀਤਾ ਜਾਂਦਾ ਹੈ ਕਿ ਕੂੜੇ ਦੀ ਕੁਲੈਕਸ਼ਨ ਦਾ ਕੰਮ ਖੁੱਲੇ ਟੈਂਡਰ ਮੰਗ ਕੇ ਕਰਵਾ ਲਿਆ ਜਾਵੇ। ਲੇਕਿਨ ਇਸ ਲਈ ਲੋੜੀਂਦੀਆਂ ਗੱਡੀਆਂ (ਮਿੰਨੀ ਟਿੱਪਰ), ਕੰਪੈਕਟਰ, ਡਸਟਬੀਨ ਆਦਿ ਨਗਰ ਨਿਗਮ ਵੱਲੋਂ ਸਵੱਛ ਭਾਰਤ ਮਿਸ਼ਨ ਅਧੀਨ PMIDC ਤੋਂ ਪ੍ਰਾਪਤ ਹੋਣ ਵਾਲੀ ਗਰਾਂਟ ਵਿੱਚੋਂ ਖਰੀਦ ਕੇ ਠੇਕੇਦਾਰ ਨੂੰ ਦਿੱਤੇ ਜਾਣ ਤਾਂ ਜੋ ਕੂੜੇ ਦੀ ਕੁਲੈਕਸ਼ਨ ਅਤੇ ਢੁਆਈ ਦੇ ਕੰਮ ਤੇ ਹਰ ਮਹੀਨੇ ਮੁੜ-ਮੁੜ ਹੋਣ ਵਾਲੇ ਜਿਆਦਾ ਖਰਚੇ ਤੋਂ ਬਚਿਆ ਜਾ ਸਕੇ।

ਦਫਤਰ ਵੱਲੋਂ ਕੂੜੇ ਦੀ ਕੁਲੈਕਸ਼ਨ ਅਤੇ ਢੁਆਈ ਲਈ 62 ਮਿੰਨੀ ਟਿੱਪਰ 2.5 cum ਸਮੱਰਥਾ ਦੇ, 2 ਕੰਪੈਕਟਰ 14 MT ਸਮੱਰਥਾ ਦੀ ਲੋੜ੍ਹ ਅਨੁਮਾਨ ਕੀਤੀ ਗਈ ਹੈ। ਇਸ ਤਜਵੀਜ ਮੁਤਾਬਿਕ ਸਾਰਾ ਕੂੜਾ (ਰਿਹਾਇਸ਼ੀ ਅਤੇ ਕਮਰਸ਼ੀਅਲ) ਮਿੰਨੀ ਟਿੱਪਰਾਂ ਰਾਹੀਂ ਕੁਲੈਕਟ ਕਰਕੇ ਸਿੱਧਾ ਹੀ ਉਨ੍ਹਾਂ ਦੁਆਰਾ ਹੀ ਪ੍ਰੋਸੈਸਿੰਗ ਪਲਾਂਟ ਸਾਈਟ ਤੇ ਪਹੁੰਚਾਇਆ ਜਾਵੇਗਾ, ਜਿਸ ਕਰਕੇ Secondary Collection Point (SCP) ਦੀ ਲੋੜ੍ਹ ਨਹੀਂ ਰਹੇਗੀ। ਕੂੜੇ ਦੀ ਰੀ-ਹੈਂਡਲਿੰਗ ਤੋਂ ਬਚਿਆ ਜਾ ਸਕੇਗਾ ਅਤੇ ਸ਼ਹਿਰ ਦੀ ਦਿੱਖ ਵੀ ਸੋਹਣੀ ਹੋਵੇਗੀ।

ਉਕਤ ਤਜਵੀਜ ਦੀ ਵਿਹਾਰ ਯੋਗਤਾ (Feasibility) ਦੀ ਪੜਤਾਲ ਕਰਨ ਲਈ ਅਜਮਾਇਸ਼ ਦੇ ਤੋਰ ਤੇ ਜ਼ੋਨ ਨੰਬਰ 2 ਅਤੇ ਜੋਨ ਨੰਬਰ 5 ਦਾ ਕੰਮ ਦੋ ਮਹੀਨੇ ਲਈ ਠੇਕੇ ਤੇ ਦੇਣਾ ਯੋਗ ਹੋਵੇਗਾ। ਜੇਕਰ ਇਹ ਕੰਮ 2 ਮਹੀਨਿਆਂ ਲਈ ਵਾਜ਼ਿਬ ਰੇਟ ਤੇ ਕਰਨ ਲਈ ਕੋਈ ਯੋਗ ਏਜੰਸੀ ਨਹੀਂ ਆਉਂਦੀ ਤਾਂ ਦਫਤਰ ਵੱਲੋਂ ਉਪਰੋਕਤ ਪੈਰੇ ਵਿੱਚ ਅਨੁਮਾਨਤ ਮਸ਼ੀਨਰੀ ਦਫਤਰ ਵੱਲੋਂ ਖਰੀਦ ਕੇ ਏਜੰਸੀ ਨੂੰ ਦੇਣ ਦੀ ਸ਼ਰਤ ਤੇ ਟੈਂਡਰ ਲਗਾਏ ਜਾਣਗੇ। ਉਕਤ ਮੁਤਾਬਿਕ ਮਸ਼ੀਨਰੀ ਖਰੀਦ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 82 : ਪ੍ਰਵਾਨ ਹੈ।**

**ਏਜੰਡਾ ਨੰਬਰ 4 :**

ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਪਰੰਪਰਾਗਤ ਸਟਰੀਟ ਲਾਈਟਾਂ ਨੂੰ ਐਨਰਜੀ ਐਫੀਸ਼ੀਏਟ ਲਾਈਟਾਂ ਨਾਲ ਬਦਲਣ ਲਈ ਮਿਤੀ 18.10.2017 ਨੂੰ ਹਾਊਸ ਦੀ ਮੀਟਿੰਗ ਵਿੱਚ ਦਫਤਰ ਵੱਲੋਂ ਤਿਆਰ ਕੀਤਾ ਗਿਆ ਆਰ.ਐਫ.ਪੀ. ਡਾਕੂਮੈਂਟ ਵਿਚਾਰ ਹਿੱਤ ਰੱਖਿਆ ਗਿਆ ਸੀ, ਜੋ ਕਿ ਇਸ ਮੀਟਿੰਗ ਵਿੱਚ ਮਤਾ ਨੰਬਰ 73 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਹ ਆਰ.ਐਫ.ਪੀ. ਡਾਕੂਮੈਂਟ ਚੀਫ ਇੰਜੀਨੀਅਰ (ਓ.ਐਂਡ ਐਮ.) ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਪਾਸ ਘੋਖਣ ਲਈ ਭੇਜਿਆ ਗਿਆ ਸੀ। ਉਹਨਾਂ ਵੱਲੋਂ ਕਿਹਾ ਗਿਆ ਹੈ ਕਿ ਡਾਕੂਮੈਂਟ ਵਿੱਚ ਜੋ ਘੱਟ ਤੋਂ ਘੱਟ 62% ਸੇਵਿੰਗ ਲਿੱਤੀ ਗਈ ਹੈ ਉਸ ਦਾ ਤਰਕ/ ਵਿਆਖਿਆ ਆਰ.ਐਫ.ਪੀ. ਡਾਕੂਮੈਂਟ ਵਿੱਚ ਦਿੱਤੀ ਜਾਵੇ ਅਤੇ ਬਿਜਲੀ

ਬੋਰਡ ਵੱਲੋਂ ਸਟਰੀਟ ਲਾਈਟ ਦਾ ਮੋਜੂਦਾ ਰੇਟ ਵੀ ਆਰ.ਐਫ.ਪੀ. ਡਾਕੂਮੈਂਟ ਵਿੱਚ ਦੱਸੇ ਜਾਣ। ਉਕਤ ਅਨੁਸਾਰ ਆਰ.ਐਫ.ਪੀ. ਡਾਕੂਮੈਂਟ ਦੇ ਪੇਜ਼ ਨੰਬਰ 20 ਅਤੇ 41 ਤੇ ਸੋਧ ਕੀਤੀ ਗਈ ਹੈ। ਕੇਸ ਹਾਊਸ ਦੀ ਸੂਚਨਾਂ ਅਤੇ ਮੰਨਜ਼ੂਰੀ ਹਿੱਤ।

**ਮਤਾ ਨੰਬਰ 83 : ਪਾਸ ਕੀਤਾ ਗਿਆ ਕਿ ਆਰ.ਐਫ.ਪੀ. ਡਾਕੂਮੈਂਟ ਵਿੱਚ ਦਰਜ਼ ਸ਼ਰਤਾਂ ਨੂੰ ਵਿਸਥਾਰ ਨਾਲ ਵਾਚਣ ਅਤੇ ਘੋਖਣ ਲਈ ਸਬ-ਕਮੇਟੀ ਬਣਾਈ ਜਾਂਦੀ ਹੈ। ਸਬ-ਕਮੇਟੀ ਦੀ ਰਿਪੋਰਟ ਤੱਥਾਂ ਸਮੇਤ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਖਾਤਰ ਪੇਸ਼ ਕੀਤੀ ਜਾਵੇ ਤਾਂ ਜੋ ਉਸ ਉਪਰੰਤ ਹਾਊਸ ਵੱਲੋਂ ਫੈਸਲਾ ਲਿਆ ਜਾ ਸਕੇ।**

**ਏਜੰਡਾ ਨੰਬਰ: 5**

ਰਿਪੋਰਟ ਵਰਕਸ ਸ਼ਾਖਾ ਕਿ ਵਧੀਕ ਮੁੱਖ ਕਾਰਜਕਾਰੀ ਅਫਸਰ, ਪੰਜਾਬ ਬਿਊਰੋ ਆਫ ਇਨਵੈਸਟਮੈਂਟ ਚੰਡੀਗੜ੍ਹ ਜੀ ਨੇ ਪੱਤਰ ਨੰਬਰ UP/2018/5254 ਮਿਤੀ 06.02.2018 ਰਾਹੀਂ ਨਗਰ ਨਿਗਮ ਬਠਿੰਡਾ ਨੂੰ ਲਿਖਿਆ ਹੈ ਕਿ ਮੈਸ: ਕਾਰਗਿਲ ਇੰਡੀਆ ਪ੍ਰਾਈਵੇਟ ਲਿਮ: ਵੱਲੋਂ ਇੰਡਸਟਰੀਅਲ ਗਰੋਥ ਸੈਂਟਰ ਬਠਿੰਡਾ ਵਿਖੇ ਫੋਰਨ ਡਾਇਰੈਕਟ ਇਨਵੈਸਟਮੈਂਟ (FDI) ਨਾਲ ਪਸ਼ੂ ਖੁਰਾਕ ਬਨਾਉਣ ਦਾ ਇੱਕ ਪ੍ਰੋਜੈਕਟ ਸਥਾਪਿਤ ਕੀਤਾ ਹੈ। ਪੰਜਾਬ ਸਰਕਾਰ ਲਈ ਇਹ ਪ੍ਰੋਜੈਕਟ ਇੱਕ FDI ਪ੍ਰੋਜੈਕਟ ਹੋਣ ਕਰਕੇ ਅਤਿ ਮਹੱਤਵਪੂਰਨ ਪ੍ਰੋਜੈਕਟ ਹੈ। ਇਸ ਲਈ ਕੰਪਨੀ ਨੂੰ ਆਪਣੇ ਇਸ ਪ੍ਰੋਜੈਕਟ ਤੇ ਵਿਸਤਾਰ ਲਈ ਨਾਲ 12 ਏਕੜ੍ਹ ਜਗ੍ਹਾ ਲੋੜੀਂਦੀ ਹੈ। ਜਿਸ ਵਿੱਚੋਂ 4.23 ਏਕੜ੍ਹ ਜਗ੍ਹਾ ਨਗਰ ਨਿਗਮ ਬਠਿੰਡਾ ਦੀ ਹੈ ਅਤੇ ਬਾਕੀ ਰਹਿੰਦੀ ਜਗ੍ਹਾ PSIEC ਦੀ ਹੈ।

ਇਸ 4.23 ਏਕੜ੍ਹ ਜਗ੍ਹਾ ਵਿੱਚ ਨਗਰ ਨਿਗਮ ਬਠਿੰਡਾ ਵੱਲੋਂ ਲਗਭਗ 2 ਏਕੜ੍ਹ ਜਗ੍ਹਾ ਵਿੱਚ ਇੱਕ ਵੱਡਾ ਖੱਡਾ ਪੁੱਟਿਆ ਹੋਇਆ ਹੈ। ਇਹ ਖੱਡਾ ਸਲੱਜ ਕੈਰੀਅਰ ਦੇ ਚੱਲਣ ਵਿੱਚ ਰੁਕਾਵਟ ਪੈਣ ਤੇ ਸੀਵਰ ਖਾਲੀ ਕਰਨ ਲਈ ਪੁੱਟਿਆ ਹੋਇਆ ਹੈ। ਪਰ ਕਿਉਂ ਜੋ ਹੁਣ ਸਲੱਜ ਕੈਰੀਅਰ ਦੇ ਨਾਲ-ਨਾਲ ਸੀਵਰ ਡਿਸਪੋਜ਼ਲ ਲਈ ਸੀਵਰੇਜ਼ ਬੋਰਡ ਵੱਲੋਂ ਪਾਈਪ ਪਾਈ ਜਾ ਰਹੀ ਹੈ। ਇਸ ਲਈ ਸੀਵਰੇਜ਼ ਡਿਸਪੋਜ਼ਲ ਲਈ 2 ਸਾਧਨ ਉਪਲਬੱਧ ਹੋਣ ਕਰਕੇ ਇਸ ਖੱਡੇ ਅਤੇ ਜਗ੍ਹਾ ਦੀ ਨਗਰ ਨਿਗਮ ਨੂੰ ਲੋੜ੍ਹ ਨਹੀਂ ਹੈ।

ਇਸ ਲਈ ਨਗਰ ਨਿਗਮ ਬਠਿੰਡਾ ਦੀ 4.23 ਏਕੜ ਜਗ੍ਹਾ PSIEC ਨੂੰ ਉਨ੍ਹਾਂ ਦੇ ਪਲਾਟਾਂ ਦੇ ਰਾਖਵੇਂ ਰੇਟ 2500/- ਰੁਪਏ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ ਟਰਾਂਸਫਰ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 84 : ਪਾਸ ਕੀਤਾ ਗਿਆ ਕਿ ਨਗਰ ਨਿਗਮ ਬਠਿੰਡਾ ਦੀ 4.23 ਏਕੜ ਜਗ੍ਹਾ PSIEC ਨੂੰ ਟਰਾਂਸਫਰ ਕਰਨ ਲਈ ਸਬ-ਕਮੇਟੀ ਬਣਾਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।ਸਬ-ਕਮੇਟੀ ਦੀ ਰਿਪੋਰਟ ਤੱਥਾਂ ਸਮੇਤ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਖਾਤਰ ਪੇਸ਼ ਕੀਤੀ ਜਾਵੇ ਤਾਂ ਜੋ ਉਸ ਉਪਰੰਤ ਹਾਊਸ ਵੱਲੋਂ ਫੈਸਲਾ ਲਿਆ ਜਾ ਸਕੇ।**

**ਏਜੰਡਾ ਨੰਬਰ 6:**

ਰਿਪੋਰਟ ਰੈਂਟ ਸ਼ਾਖਾ ਕਿ ਮਾਨਯੋਗ ਵਧੀਕ ਸਕੱਤਰ, ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ ਜੀ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 8/7/2015-5LG3/1085686/1-2 ਮਿਤੀ 16.10.2017 ਪ੍ਰਾਪਤ ਹੋਇਆ ਹੈ, ਜਿਸ ਅਨੁਸਾਰ 20 ਸਾਲਾਂ ਤੋਂ ਵੱਧ ਕਿਰਾਏਦਾਰਾਂ/ ਲਾਇਸੰਸੀ/ ਸਬਲੈਟੀ ਨੂੰ ਪ੍ਰਾਪਰਟੀਆਂ ਵੇਚੀਆਂ ਜਾਣੀਆਂ ਹਨ। ਪਰੰਤੂ ਨਗਰ ਨਿਗਮ ਦੀ ਗਾਂਧੀ ਮਾਰਕੀਟ/ ਮੱਛੀ ਮਾਰਕੀਟ/ ਦਵਾਈਆਂ ਵਾਲੀ ਮਾਰਕੀਟ ਵਾਲੀ ਜਗ੍ਹਾ ਦਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ RSA No. 4744 of 2014 & 4746 of 2014 ਅਧੀਨ ਕੇਸ ਚੱਲ ਰਿਹਾ ਹੈ। ਜਿਸ ਦੀ ਅਗਲੀ ਤਾਰੀਖ ਪੇਸ਼ੀ ਮਿਤੀ 23.03.2018 ਹੈ। ਪਰੰਤੂ ਮਾਨਯੋਗ ਹਾਈਕੋਰਟ ਵੱਲੋਂ ਪਟੀਸ਼ਨਰ ਨੂੰ ਕੋਈ ਸਟੇਅ ਨਹੀਂ ਮਿਲਿਆ ਹੋਇਆ। ਇਹ ਜਗ੍ਹਾ ਨਗਰ ਕੌਂਸਲ ਹੁਣ ਨਗਰ ਨਿਗਮ ਬਠਿੰਡਾ ਨੂੰ ਮਤਾ ਨੰ: 110 ਮਿਤੀ 19.07.1968 ਅਨੁਸਾਰ 99 ਸਾਲਾਂ ਦੀ ਲੀਜ਼ ਤੇ ਵਿਕਸਿਤ ਕਰਨ ਲਈ ਪੰਜਾਬ ਸਰਕਾਰ ਪਾਸੋਂ ਪ੍ਰਾਪਤ ਹੋਈ ਹੈ।

ਇੱਛੁਕ ਕਾਬਜਕਾਰਾਂ ਵੱਲੋਂ ਪਿਛਲੇ ਸਾਲ ਜਾਰੀ The Punjab Municipality (Vesting of Proprietary Rights) Scheme – 2016 ਅਧੀਨ 228 ਦਰਖਾਸਤਾਂ ਪ੍ਰਾਪਤ ਹੋਈਆਂ ਸਨ। ਨੋਟੀਫਿਕੇਸ਼ਨ ਵਿੱਚ ਸਬਲੈਟੀਜ਼ ਨੂੰ ਪ੍ਰਾਪਰਾਈਟਰੀ ਦੇਣ ਸਮੇਂ 120 ਮਹੀਨਿਆਂ ਦੀ ਸਬਲੈਟੀ ਫੀਸ ਲੈਣ ਜਾਂ ਨਾ ਲੈਣ ਬਾਰੇ ਕੋਈ ਦਿਸ਼ਾ - ਨਿਰਦੇਸ਼ ਨਹੀਂ ਹਨ ਅਤੇ ਨੋਟੀਫਿਕੇਸ਼ਨ ਦੇ ਲੜੀ ਨੰ: 4(4) ਵਿੱਚ ਸ਼ਹਿਰੀ ਸੰਸਥਾਂਵਾਂ ਨੂੰ ਦੁਕਾਨਾਂ ਵੇਚਣ ਸਬੰਧੀ ਨਫਾ-ਨੁਕਸਾਨ ਦਾ ਮੁਲਾਂਕਣ ਕਰਨ ਉਪਰੰਤ ਸਰਕਾਰ ਵੱਲੋਂ ਦਿੱਤੀ ਪ੍ਰਪੋਜ਼ਲ ਨੂੰ ਲਾਗੂ ਕਰਨ ਜਾਂ ਨਾ ਕਰਨ ਸਬੰਧੀ ਫੁੱਲ ਹਾਊਸ ਨੂੰ ਅਧਿਕਾਰ ਦਿੱਤੇ ਹਨ। ਦੁਕਾਨਾਂ ਵੇਚਣ ਸਬੰਧੀ ਨਫੇ-ਨੁਕਸਾਨ ਦਾ ਮੁਲਾਂਕਣ ਕਰਨ ਅਤੇ ਇਸ ਪਾਲਿਸੀ ਦੇ ਹੋਰ ਮੁੱਦਿਆਂ ਤੇ ਵਿਚਾਰ ਕਰਨ ਲਈ ਇਹ ਠੀਕ ਹੋਵੇਗਾ ਕਿ ਇਸ ਸਬੰਧੀ ਸਬ-ਕਮੇਟੀ ਦਾ ਗਠਨ ਕੀਤਾ ਜਾਵੇ। ਇਸ ਸਬੰਧੀ ਦਫਤਰ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਦੁਕਾਨਾਂ ਨੂੰ ਸੇਲ ਕਰਨ ਸਬੰਧੀ ਸਰਕਾਰ ਵੱਲੋਂ ਜਾਰੀ ਕੀਤੀ ਪਾਲਿਸੀ ਨੂੰ ਮੱਦੇ-ਨਜ਼ਰ ਰਖਦੇ ਹੋਏ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨਾਲ ਦੁਬਾਰਾ ਵਿਚਾਰ ਕੀਤਾ ਗਿਆ ਕਿ ਨਿਗਮ ਦੀਆਂ ਕੁੱਲ 401 ਦੁਕਾਨਾਂ ਕਿਰਾਏ ਤੇ ਹਨ। ਜਿੰਨ੍ਹਾਂ ਵਿੱਚੋਂ ਰੇਲਵੇ ਸਟੇਸ਼ਨ, ਗਾਂਧੀ ਮਾਰਕੀਟ, ਮਾਲ ਰੋਡ, ਮੱਛੀ ਮਾਰਕੀਟ, ਹਸਪਤਾਲ ਗੇਟ ਆਦਿ ਦੀਆਂ 178 ਦੁਕਨਾਂ ਦਾ ਹਾਈਕੋਰਟ ਵਿਖੇ ਕੇਸ ਚੱਲ ਰਿਹਾ ਹੈ। ਜਿਸ ਦੀ ਅਗਲੀ ਤਾਰੀਖ ਪੇਸ਼ੀ ਮਿਤੀ 23.03.2018 ਹੈ। ਬਾਕੀ 223 ਦੁਕਾਨਾਂ ਵਿੱਚੋਂ SCF, SCO ਨੂੰ ਛੱਡ ਕੇ ਪਾਲਿਸੀ ਅਨੁਸਾਰ 50 ਵਰਗ ਗੱਜ਼ ਅਤੇ 20 ਸਾਲ ਦੀ ਕਿਰਾਏਦਾਰੀ ਦੀ ਸ਼ਰਤ ਨੂੰ ਪੂਰਾ ਕਰਦੀਆਂ 136 ਦੁਕਾਨਾਂ ਦੀ ਕੁੱਲ ਕੀਮਤ 6,29,91,196/- ਰੁਪਏ (ਜਮੀਨ ਦੀ ਕੀਮਤ 5,72,64,724/- ਰੁਪਏ + ਉਸਾਰੀ ਦੀ ਕੀਮਤ 57,26,472/- ਰੁਪਏ) ਬਣਦੀ ਹੈ ਅਤੇ ਇਹਨਾਂ ਪ੍ਰਾਪਰਟੀਜ਼ ਨੂੰ ਵੇਚਣ ਉਪਰੰਤ ਲਗਭਗ 77312/- ਰੁਪਏ ਪ੍ਰਾਪਰਟੀ ਟੈਕਸ ਪ੍ਰਾਪਤ ਹੋਵੇਗਾ। ਸੋ, ਸਰਕਾਰ ਵੱਲੋਂ ਜਾਰੀ ਨਵੇਂ ਨੋਟੀਫਿਕੇਸ਼ਨ ਨੂੰ ਹਾਊਸ ਵਿੱਚ ਵਿਚਾਰਨ ਅਤੇ ਲਾਗੂ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 85 : ਪਾਸ ਕੀਤਾ ਗਿਆ ਕਿ ਨਗਰ ਨਿਗਮ ਦੀ ਪ੍ਰਾਪਰਟੀਜ਼ ਨੂੰ ਵੇਚਣ ਸਬੰਧੀ ਸਬ-ਕਮੇਟੀ ਬਣਾਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ। ਸਬ-ਕਮੇਟੀ ਦੀ ਰਿਪੋਰਟ ਤੱਥਾਂ ਸਮੇਤ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਖਾਤਰ ਪੇਸ਼ ਕੀਤੀ ਜਾਵੇ ਤਾਂ ਜੋ ਉਸ ਉਪਰੰਤ ਹਾਊਸ ਵੱਲੋਂ ਫੈਸਲਾ ਲਿਆ ਜਾ ਸਕੇ।

ਏਜੰਡਾ ਨੰਬਰ: 7

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1. | ਫਿਕਸਿੰਗ ਆਫ 2862 ਨੰਬਰ ਆਫ ਟਰੀ ਗਾਰਡਜ਼ ਐਟ ਡਿਫਰੈਂਟ ਸਿਟੀ ਲੋਕੇਸ਼ਨਜ਼ | 7.90 |
| 2. | ਰਿਪੇਅਰ ਆਫ ਓਲਡ ਐਂਡ ਰਿਡਨਡੈਂਟ ਟਰੀ ਗਾਰਡ ਫਰਾਮ ਡਿਫਰੈਂਟ ਲੋਕੇਸ਼ਨ ਆਫ ਸਿਟੀ | 3.91 |
| 3. | ਪੇਟਿੰਗ ਐਂਡ ਨੰਬਰਿੰਗ ਆਫ ਟਰੀ ਗਾਰਡਸ ਐਟ ਡਿਫਰੈਂਟ ਲੋਕੇਸ਼ਨ ਆਫ ਸਿਟੀ | 1.36 |
| 4. | ਸਪਲਾਈ ਆਫ ਸਟਰੀਟ ਲਾਈਟ ਮਟੀਰਿਅਲ | 9.83 |
| 5. | ਹਾਈਮਾਸਟ ਅਤੇ ਲੇਡਰ ਟਾਇਪ ਬਰੈਕਟਾਂ ਤੇ ਲੱਗੀਆਂ ਲਾਈਟਾਂ ਦੀ ਸਮੇਤ ਮਟੀਰਿਅਲ ਦੇਖਭਾਲ ਕਰਨਾ | 3.82 |
| 6. | ਕਲੋਜ਼ਿੰਗ ਆਫ ਗੰਦਾ ਨਾਲਾ ਨੀਅਰ ਸੰਗੂਆਣਾ ਬਸਤੀ ਡਿਸਪੋਜ਼ਲ | 2.23 |
| 7. | ਪ੍ਰੋਵ; ਐਂਡ ਫਿਕਸਿੰਗ ਆਫ ਟ੍ਰੈਫਿਕ ਲਾਈਟਸ ਸਿਗਨਲ ਇਨ ਡਾ: ਮਹੇਸ਼ਵਰੀ ਚੌਂਕ | 9.81 |
| 8. | ਸਪਲਾਈ ਆਫ ਰੋਜ਼ ਪਲਾਂਟਸ ਐਟ ਰੋਜ਼ ਗਾਰਡਨ | 3.00 |
| 9. | ਸਪਲਾਈ ਆਫ ਡਰਿੰਕਿੰਗ ਵਾਟਰ, ਵਾਟਰ ਟੈਂਕਰਜ਼ ਇਨ ਵੈਰੀਅਸ ਪਾਰਟਸ ਆਫ ਸਿਟੀ | 17.53 |
| 10. | ਸਪਲਾਈ ਆਫ ਲੇਬਰ ਰੇਲਵੇ ਬਾਊਂਡਰੀ ਦੇ ਨਾਲ ਚਲਦੇ ਗੰਦੇ ਨਾਲੇ ਦੀ ਰੈਗੂਲਰ ਸਫਾਈ ਸਬੰਧੀ | 11.72 |
| 11. | ਸਪਲਾਈ ਆਫ ਪੰਪ ਆਪਰੇਟਰ/ ਆਪਰੇਸ਼ਨ ਆਫ ਡਿਸਪੋਜ਼ਲ ਮੋਟਰ (ਸਿਵਲ ਲਾਈਨਜ਼ 2 ਮਾਡਲ ਟਾਊਨ ਡਿਸਪੋਜ਼ਲ) | 1.45 |
| 12. | ਕੰਸ: ਆਫ ਕਾਓ ਸ਼ੈਡ ਨੰਬਰ 8 ਇਨ ਗਊਸ਼ਾਲਾ ਵਿਲੈਜ਼ ਹਰਰਾਏਪੁਰ | 35.43 |
| 13. | ਕੰਸ: ਆਫ ਕਾਓ ਸ਼ੈਡ ਨੰਬਰ 7 ਇਨ ਗਊਸ਼ਾਲਾ ਵਿਲੈਜ਼ ਹਰਰਾਏਪੁਰ | 35.43 |
| 14. | ਕੰਸ: ਆਫ ਟਾਇਲਟਸ ਐਟ ਗਊਸ਼ਾਲਾ ਵਿਲੈਜ਼ ਹਰਰਾਏਪੁਰ | 9.05 |
| 15. | ਕੰਸ: ਆਫ ਕਾਓ ਸ਼ੈਡ ਨੰਬਰ 6 ਇਨ ਗਊਸ਼ਾਲਾ ਵਿਲੈਜ਼ ਹਰਰਾਏਪੁਰ | 35.43 |
| 16. | ਕੰਸ: ਆਫ ਕਾਓ ਸ਼ੈਡ ਨੰਬਰ 5 ਇਨ ਗਊਸ਼ਾਲਾ ਵਿਲੈਜ਼ ਹਰਰਾਏਪੁਰ | 35.43 |
| 17. | ਗਰੀਨ ਵੇਸਟ ਤੋਂ ਕੰਪੋਸਟ ਤਿਆਰ ਕਰਨ ਵਾਲੀ ਮਸ਼ੀਨ ਲਈ ਲੇਬਰ ਸਪਲਾਈ ਲੈਣ ਸਬੰਧੀ | 9.02 |
| 18. | ਮੈਨਟੀਨੈਂਸ ਆਫ ਈ.ਟੀ. ਪਲਾਂਟ ਐਟ ਸਲਾਟਰ ਹਾਊਸ ਇਨ ਸੰਜੇ ਨਗਰ | 4.32 |
| 19. | ਜਨਰਲ ਰਿਪੇਅਰ ਵਰਕ ਇਨ ਜ਼ੋਨ ਨੰਬਰ 1 | 10.00 |
| 20. | ਜਨਰਲ ਰਿਪੇਅਰ ਆਫ ਜ਼ੋਨ ਨੰਬਰ 2 | 10.00 |
| 21. | ਜਨਰਲ ਰਿਪੇਅਰ ਆਫ ਜ਼ੋਨ ਨੰਬਰ 3 | 10.00 |
| 22. | ਜਨਰਲ ਰਿਪੇਅਰ ਆਫ ਜ਼ੋਨ ਨੰਬਰ 5 | 10.00 |

| | | |
|---|---|---|
| 23. | ਜਨਰਲ ਰਿਪੇਅਰ ਇਨ ਜ਼ੋਨ ਨੰਬਰ 7 | 10.00 |
| 24 | ਜਨਰਲ ਰਿਪੇਅਰ ਇਨ ਜ਼ੋਨ ਨੰਬਰ 4 | 10.00 |
| 25 | ਜਨਰਲ ਰਿਪੇਅਰ ਇਨ ਜ਼ੋਨ ਨੰਬਰ 8 | 10.00 |
| 26 | ਡਸਟਬੀਨਾਂ ਦੀ ਸਫਾਈ ਖਾਤਰ | 17.65 |
| 27 | ਪ੍ਰੋਵ: ਐਂਡ ਮੈਨਟੀਨੈਂਸ, ਰਿਪੇਅਰ ਆਫ ਡੈਮੇਜ਼ਡ ਇਕਵਿਪਮੈਂਟ, ਪੇਟਿੰਗ ਆਫ ਟ੍ਰੈਫਿਕ ਪੋਲਸ ਐਂਡ ਬੈਟਰੀ ਸਿਸਟਮ ਐਟ ਵੈਰੀਅਸ ਜੰਕਸ਼ਨ ਵਿਦਿਨ ਮਿਉਂਸਪਲ ਲਿਮਿਟ ਆਫ ਬਠਿੰਡਾ - ਸਮਾਂ 2 ਸਾਲ | 14.63 |
| 28 | ਸਪਲਾਈ ਆਫ ਇਨਫੋਰਮੈਟਰੀ ਸਾਈਨ ਬੋਰਡ ਆਫ ਡਿਫਰੈਂਟ ਸਾਇਜ਼ ਫਾਰ ਬਠਿੰਡਾ ਸਿਟੀ | 12.60 |

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 86 :** **ਲੜੀ ਨੰਬਰ 26 ਤੇ ਦਰਜ਼ ਡਸਟਬੀਨਾਂ ਦੀ ਸਫਾਈ ਖਾਤਰ 17.65 ਲੱਖ ਰੁਪਏ ਦੇ ਤਖਮੀਨੇ ਨੂੰ ਪੈਡਿੰਗ ਰਖਦੇ ਹੋਏ ਬਾਕੀ ਦੇ ਸਾਰੇ ਤਖਮੀਨੇ ਪ੍ਰਵਾਨ ਹਨ।**

**ਏਜੰਡਾ ਨੰਬਰ 8 :**

ਰਿਪੋਰਟ ਸਿਹਤ ਸ਼ਾਖਾ ਕਿ ਸਵੱਛ ਭਾਰਤ ਮਿਸ਼ਨ ਤਹਿਤ ਸਵੱਛ ਭਾਰਤ ਸਰਵੇਖਣ ਲਈ ਸ਼ਹਿਰ ਵਿੱਚ ਸਫਾਈ ਰੱਖਣ ਲਈ ਭਾਰਤ ਸਰਕਾਰ ਵੱਲੋਂ ਸਵੱਛਤਾ ਮੋਬਾਇਲ ਐਪ ਜਾਰੀ ਕੀਤੀ ਗਈ ਹੈ ਅਤੇ ਨਗਰ ਨਿਗਮ ਬਠਿੰਡਾ ਵੱਲੋਂ ਵੀ ਮੋਬਾਇਲ ਐਫ ਜਾਰੀ ਕੀਤੀ ਗਈ ਹੈ। ਇਹਨਾਂ ਮੋਬਾਇਲ ਐਪ ਨੂੰ ਜਾਰੀ ਕਰਨ ਦਾ ਮੰਤਵ ਹੈ ਕਿ ਜਨਤਾ ਵੱਲੋਂ ਜਿੱਥੇ ਕਿੱਥੇ ਵੀ ਕੂੜਾ/ ਗੰਦਗੀ/ ਮਲਬਾ ਆਦਿ ਵੇਖਿਆ ਜਾਂਦਾ ਹੈ ਉਹ ਨਗਰ ਨਿਗਮ ਨੂੰ ਮੋਬਾਇਲ ਐਪ ਰਾਜੀਂ ਸੁਚਿਤ ਕਰਦਾ ਹੈ। ਜਿਸ ਤੇ ਨਿਗਮ ਸਟਾਫ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਸਫਾਈ ਉਪਰੰਤ ਜਗ੍ਹਾ ਦੀ ਫੋਟੋ ਮੁੱੜ੍ਹ ਸੁਚਿਤ ਕਰਨ ਵਾਲੇ ਨੂੰ ਐਮ.ਓ.ਯੂ.ਡੀ. ਰਾਹੀਂ ਭੇਜੀ ਜਾਵੇਗੀ। ਉਕਤ ਕਾਰਵਾਈ ਕਰਨ ਲਈ ਨਗਰ ਨਿਗਮ, ਬਠਿੰਡਾ ਨੂੰ ਭਾਰਤ ਸਰਕਾਰ ਵੱਲੋਂ ਮਸ਼ੀਨਰੀ ਖਰੀਦ ਕਰਨ ਲਈ ਪੈਸੇ ਉਪਲਬੱਧ ਕਰਵਾਏ ਗਏ ਸਨ। ਇਹਨਾਂ ਵਿੱਚੋਂ ਤਿੰਨ ਟ੍ਰੈਕਟਰ ਟਰਾਲੀ, ਇੱਕ ਜੇ.ਸੀ.ਬੀ. ਖਰੀਦ ਕੀਤੀ ਗਈ ਹੈ। ਇਹਨਾਂ ਟ੍ਰੈਕਟਰ ਟਰਾਲੀਆਂ ਲਈ ਸਫਾਈ ਕਰਮਚਾਰੀ ਰੱਖਣੇ ਜਰੂਰੀ ਹਨ ਤਾਂ ਜੋ ਮੋਬਾਇਲ ਐਪ ਤੇ ਆਉਣ ਵਾਲੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਸਕੇ। ਇਹਨਾਂ ਟ੍ਰੈਕਟਰ ਟਰਾਲੀਆਂ ਲਈ 12 ਸਫਾਈ ਸੇਵਕ ਅਤੇ ਇੱਕ ਜੇ.ਸੀ.ਬੀ. ਹੈਲਪਰ ਤੇ ਇੱਕ ਸਾਲ ਦਾ ਖਰਚਾ ਲਗਭਗ 17,80,000/- ਰੁਪਏ (ਸਤਾਰਾਂ ਲੱਖ ਅੱਸੀ ਹਜ਼ਾਰ ਰੁਪਏ ਸਿਰਫ) ਆਉਣ ਦੀ ਸੰਭਾਵਨਾਂ ਹੈ। ਇਹ ਮੁਲਾਜ਼ਮ ਸਰਵਿਸ ਪ੍ਰੋਵਾਇਡਰਜ਼ ਵੱਲੋਂ ਨਿਗਮ ਨੂੰ ਡੀ.ਸੀ. ਰੇਟਾਂ ਤੇ ਉਪਲਬੱਧ ਕਰਵਾਏ ਜਾਣਗੇ। ਉਕਤ ਮੁਤਾਬਿਕ ਸਫਾਈ ਕਰਮਚਾਰੀਆਂ ਨੂੰ ਆਉਟ ਸੋਰਸਿੰਗ ਰਾਹੀਂ ਰੱਖਣ ਲਈ ਰਿਪੋਰਟ ਕੀਤੀ ਗਈ ਹੈ।ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "These employees were deployed after SBM Machinery was bought by MCB. Their services are required further. May be approved please". ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 87 :** **ਪ੍ਰਵਾਨ ਹੈ।**

**ਏਜੰਡਾ ਨੰਬਰ 9 :**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਵਿੱਚ ਬੇਸਹਾਰਾ ਪਸ਼ੂਆਂ ਦੀ ਕਾਫੀ ਗਿਣਤੀ ਹੈ। ਇਹਨਾਂ ਬੇਸਹਾਰਾ ਪਸ਼ੂਆਂ ਕਾਰਨ ਸ਼ਹਿਰ ਨਿਵਾਸੀਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਕਾਰਨ ਕਈ ਵਾਰ ਦੁਰਘਟਨਾਵਾਂ ਵੀ ਵਾਪਰ ਚੁੱਕੀਆਂ ਹਨ। ਇਹਨਾਂ ਬੇਸਹਾਰਾਂ ਪਸ਼ੂਆਂ ਤੋਂ ਸ਼ਹਿਰ ਨਿਵਾਸੀਆਂ ਨੂੰ ਨਿਜ਼ਾਤ ਦਿਵਾਉਣ ਲਈ ਨਗਰ ਨਿਗਮ ਵੱਲੋਂ ਸ਼ਹਿਰ ਵਿੱਚੋਂ ਬੇਸਹਾਰਾ ਪਸ਼ੂਆਂ ਨੂੰ ਫੜ੍ਹ ਕੇ ਵੱਖ-ਵੱਖ ਗਊਸ਼ਾਲਾਵਾਂ ਵਿੱਚ ਛੱਡਿਆ ਗਿਆ ਹੈ। ਇਹਨਾਂ ਬੇਸਹਾਰਾ ਪਸ਼ੂਆਂ ਨੂੰ ਫੜ੍ਹ ਕੇ ਗਓਸ਼ਾਲਾਵਾਂ ਵਿੱਚ ਛੱਡਣ ਲਈ ਨਿਗਮ ਕੋਲ ਇਕ ਕਾਓ ਕੈਚਰ ਹੈ। ਇਸ ਕਾਓ ਕੈਚਰ ਵਿੱਚ ਸਿਰਫ ਤਿੰਨ ਜਾਂ ਚਾਰ ਪਸ਼ੂ ਹੀ ਆਉਂਦੇ ਹਨ, ਜਿਸ ਕਰਕੇ ਬੇਸਹਾਰਾ ਪਸ਼ੂਆਂ ਨੂੰ ਭਾਰੀ ਗਿਣਤੀ ਵਿੱਚ ਫੜ੍ਹ ਕੇ ਛੱਡਣ ਵਿੱਚ ਮੁਸ਼ਕਿਲ ਆਉਂਦੀ ਹੈ।

ਬੇਸਹਾਰਾ ਪਸ਼ੂਆਂ ਦੀ ਗੰਭੀਰ ਸਮੱਸਿਆ ਨੂੰ ਮੁੱਖ ਰਖਦੇ ਹੋਏ ਇੱਕ ਹੋਰ ਵੱਡੀ ਕਾਓ ਕੈਚਰ ਦੀ ਜਰੂਰਤ ਹੈ। ਜਿਸ ਕਾਓ ਕੈਚਰ ਵਿੱਚ ਘੱਟੋ-ਘੱਟ 20 ਪਸ਼ੂਆਂ ਨੂੰ ਲਿਜਾਉਣ ਦੀ ਸਮੱਰਥਾ ਹੋਵੇ। ਨਿਗਮ ਵੱਲੋਂ ਪਹਿਲਾਂ ਖਰੀਦ ਕੀਤੀ ਕਾਓ ਕੈਚਰ 2012 ਮਾਡਲ ਹੈ। ਸੋ 20 (ਵੀਹ) ਪਸ਼ੂਆਂ ਦੀ ਸਮੱਰਥਾ ਵਾਲੀ ਕਾਓ ਕੈਚਰ ਖਰੀਦ ਕਰਨ ਸਬੰਧੀ ਰਿਪੋਰਟ ਕੀਤੀ ਗਈ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "The estimated cost is Rs. 15.30 lakh, may be approved please". ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 88 :** **ਪ੍ਰਵਾਨ ਹੈ।**

**ਏਜੰਡਾ ਨੰਬਰ 10 :**

ਰਿਪੋਰਟ ਵਰਕਸ ਸ਼ਾਖਾ ਕਿ ਸੰਜੇ ਨਗਰ ਦੇ ਲੋਕਾਂ ਨੂੰ ਇਸ ਦੇ ਨਾਲ ਲਗਦੇ ਇਲਾਕੇ ਬਲਰਾਜ ਨਗਰ ਵਿਖੇ ਜਾਣ ਲਈ ਕੋਈ ਨਜ਼ਦੀਕੀ ਢੁਕਵਾਂ ਰਾਸਤਾ ਨਹੀਂ ਹੈ। ਕਿਉਂਕਿ ਬਲਰਾਜ ਨਗਰ ਅਤੇ ਸੰਜੇ ਨਗਰ ਦੇ ਵਿਚਾਲੇ ਟੋਭਾ ਹੈ, ਜਿੱਥੇ ਸ਼ਹਿਰ ਦਾ ਸੀਵੇਜ਼ ਇੱਕਠਾ ਹੁੰਦਾ ਹੈ। ਇਸ ਲਈ ਸੰਜੇ ਨਗਰ ਦੇ ਲੋਕਾਂ ਨੂੰ ਬਲਰਾਜ ਨਗਰ ਜਾਣ ਲਈ ਕੋਈ ਸਿੱਧਾ ਰਾਸਤਾ ਨਹੀਂ ਹੈ। ਲੋਕਾਂ ਦੀ ਸਮੱਸਿਆ ਨੂੰ ਮੁੱਖ ਰਖਦੇ ਹੋਏ ਮਾਨਯੋਗ ਮੇਅਰ ਸਾਹਿਬ, ਸੀਨੀਅਰ ਡਿਪਟੀ ਮੇਅਰ ਅਤੇ ਕਮਿਸ਼ਨਰ ਸਾਹਿਬ ਦੇ ਨਾਲ ਮੌਕਾ ਦੇਖਿਆ ਗਿਆ ਅਤੇ ਮੌਕੇ ਤੇ ਇਹ ਫੈਸਲਾ ਲਿਆ ਗਿਆ ਕਿ ਪਟਿਆਲਾ ਲਾਈਨ ਦੇ ਨਾਲ ਸੰਜੇ ਨਗਰ ਤੋਂ ਬਲਰਾਜ ਨਗਰ ਜਾਣ ਲਈ ਲੋਕਾਂ ਵੱਲੋਂ ਜੋ ਕੱਚੇ ਪਏ ਰਾਸਤੇ ਨੂੰ ਆਰਜੀ ਤੋਰ ਤੇ ਵਰਤਿਆ ਜਾ ਰਿਹਾ ਹੈ, ਨੂੰ ਪੱਕਾ ਕਰ ਦਿੱਤਾ ਜਾਵੇ। ਉਕਤ ਨੂੰ ਮੁੱਖ ਰਖਦੇ ਹੋਏ ਸੰਜੇ ਨਗਰ ਤੋਂ ਬਲਰਾਜ ਨਗਰ ਨੂੰ ਮਿਲਾਉਣ ਲਈ ਸੜ੍ਹਕ ਦੀ ਤਾਮੀਰ ਕਰਨ ਸਬੰਧੀ ਤਖਮੀਨਾ ਮੁਬਲਿਗ 26.57 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ। ਇਸ ਤਖਮੀਨੇ ਦੀ ਤਕਨੀਕੀ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਲਈ ਰਿਪੋਰਟ ਕੀਤੀ ਗਈ ਹੈ। ਇਸ ਸਬੰਧੀ ਰਿਪੋਰਟ ਕੀਤੀ ਗਈ ਹੈ ਕਿ "Technically sanctioned for Rs. 26.57 lakh. Administrative aproval may be sought from General House of M.C. please". ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 89 : ਪੈਡਿੰਗ ਰੱਖਿਆ ਜਾਂਦਾ ਹੈ।**

**ਏਜੰਡਾ ਨੰਬਰ 11 :**

ਰਿਪੋਰਟ ਬਿਲਡਿੰਗ ਸ਼ਾਖਾ ਕਿ Redefining the Municipal Cities/ Towns into potential zones to levy External Development Charges (EDC), Change of Land Use Charges (CLU), Urban Development Cess (UDC) and Permission Fees (PF) in the Municipal Areas of Punjab ਦੇ ਸਬੰਧ ਵਿੱਚ ਸਥਾਨਕ ਸਰਕਾਰ ਵਿਭਾਗ ਪੰਜਾਬ ਵੱਲੋਂ ਮੀਮੋ ਨੰਬਰ Dir. TP(LG)-2014-1552 ਮਿਤੀ 26.08.2014 ਰਾਹੀਂ ਮਿਉਂਸਪਲ ਸ਼ਹਿਰਾਂ/ ਕਸਬਿਆਂ ਨੂੰ ਪੋਟੇਸ਼ਨਲ ਜ਼ੋਨਾਂ ਵਿੱਚ ਵੰਡ ਕੇ External Development Charges (EDC), Change of Land Use Charges (CLU), Urban Developmetn Cess (UDC) and Permission Fee (PF) ਲਾਗੂ ਕੀਤੇ ਗਏ ਸਨ। ਹੁਣ ਸਰਕਾਰ ਵੱਲੋਂ ਉਕਤ ਚਾਰਜ਼ਿਜ਼ ਵਿੱਚ ਲਗਭਗ 25% ਕਟੋਤੀ ਕੀਤੀ ਗਈ ਹੈ ਅਤੇ ਹਵਾਲਾ ਅਧੀਨ ਦਰਸਾਏ ਨੰਬਰ ਰਾਹੀਂ ਪੱਤਰ ਜਾਰੀ ਕੀਤਾ ਗਿਆ ਹੈ। ਇਹ ਪੱਤਰ ਨਿਗਮ ਦਫਤਰ ਵਿਖੇ ਲਾਗੂ ਕਰਨ ਲਈ ਰਿਪੋਰਟ ਕੀਤੀ ਗਈ ਹੈ। ਕੇਸ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 90 : ਨੋਟ ਕੀਤਾ।**

**ਏਜੰਡਾ ਨੰਬਰ 12 :**

ਰਿਪੋਰਟ ਸਿਹਤ ਸ਼ਾਖਾ ਕਿ ਸਲਟਰ ਹਾਊਸ ਵਿਖੇ ਸਲਾਟਰ ਹੋਣ ਵਾਲੇ ਜਾਨਵਰ ਜਿਵੇਂ ਕਿ ਬਕਰੇ, ਬਕਰੀਆਂ, ਭੇਡੂ ਅਤੇ ਸੂਰਾਂ ਦੀ ਨਗਰ ਨਿਗਮ ਵੱਲੋਂ ਹੇਠ ਲਿਖੇ ਅਨੁਸਾਰ ਸਲਾਟਰ ਫੀਸ ਵਸੂਲ ਕੀਤੀ ਜਾਂਦੀ ਹੈ। ਇਹ ਰੇਟ ਕਾਫੀ ਪੁਰਾਣੇ ਸਮੇਂ ਤੋਂ ਚੱਲ ਰਹੇ ਹਨ। ਇਸ ਦਾ ਸਮਾਂ ਸਰਦੀਆਂ ਸਵੇਰੇ 7.00 ਵਜੇ ਤੋਂ 8.00 ਵਜੇ ਤੱਕ ਅਤੇ ਗਰਮੀਆਂ ਨੂੰ ਸਵੇਰੇ 6.00 ਵਜੇ ਤੋਂ 7.00 ਵਜੇ ਤੱਕ ਬਿਨਾਂ ਲੇਟ ਫੀਸ ਚਾਰਜ਼ ਵਸੂਲੀ ਜਾਂਦੀ ਹੈ:-

| | **ਬਿਨਾਂ ਲੇਟ ਫੀਸ** | **ਲੇਟ ਫੀਸ** |
|---|---|---|
| 1. ਬਕਰੇ, ਬਕਰੀ, ਪੱਠ ਅਤੇ ਭੇਡੂ | 5/- ਰੁਪਏ ਪ੍ਰਤੀ ਨਗ | 5/- ਰੁਪਏ ਪ੍ਰਤੀ ਨਗ |
| 2. ਸੂਰ | 10/- ਰੁਪਏ ਪ੍ਰਤੀ ਨਗ | 10/- ਰੁਪਏ ਪ੍ਰਤੀ ਨਗ |

ਸਲਾਟਰ ਹਾਊਸ ਦੇ ਰੱਖ ਰਖਾਵ ਅਤੇ ਸਫਾਈ ਆਦਿ ਦੇ ਕੰਮ ਲਈ 4 ਸਫਾਈ ਸੇਵਕ ਨਗਰ ਨਿਗਮ ਦੇ ਲੱਗੇ ਹੋਏ ਹਨ। ਜਿੰਨ੍ਹਾਂ ਦਾ ਤਨਖਾਹ ਦਾ ਖਰਚਾ ਇੱਕ ਮਹੀਨੇ ਦਾ 145461/- ਰੁਪਏ ਅਤੇ ਇੱਕ ਸਾਲ ਦਾ 17,45,532/- ਰੁਪਏ ਆਉਂਦਾ ਹੈ। ਇਸ ਤੋਂ ਇਲਾਵਾ ਨਗਰ ਨਿਗਮ ਵੱਲੋਂ ਸਲਾਟਰ ਹਾਊਸ ਵਿਖੇ ਈ.ਟੀ.ਪੀ. ਪਲਾਂਟ ਲਗਾਇਆ ਹੋਇਆ ਹੈ, ਜਿਸਦਾ ਖਰਚਾ ਸਲਾਨਾ 5,00,000/- ਰੁਪਏ (ਪੰਜ ਲੱਖ ਰੁਪਏ) ਅਤੇ ਲਿਕਊਡ ਫਿਨਾਇਲ ਅਤੇ ਗੋਲੀਆਂ ਆਦਿ ਦਾ ਖਰਚਾ ਮਿਲਾ ਕੇ ਲਗਭਗ 24,00,000/- ਰੁਪਏ (ਚੋਵੀ ਲੱਖ ਰੁਪਏ) ਸਲਾਨਾ ਆਉਂਦਾ ਹੈ। ਜਿਸ ਵਿੱਚ ਬਿਜਲੀ ਬਿਲ ਸ਼ਾਮਲ ਨਹੀਂ ਹੈ। ਜਦਕਿ ਸਲਾਟਰ ਹਾਊਸ ਤੋਂ ਪੁਰਾਣੀ ਫੀਸ ਰਾਹੀਂ ਸਲਾਨਾ ਆਮਦਨ 113000/- ਰੁਪਏ ਹੈ। ਜਿਸ ਕਰਕੇ ਇਹਨਾਂ ਫੀਸਾਂ ਵਿੱਚ ਵਾਧਾ ਕਰਨਾ ਜਰੂਰੀ ਹੋ ਗਿਆ ਹੈ। ਇਸ ਲਈ ਬੇਨਤੀ ਹੈ ਕਿ ਇਹਨਾਂ ਫੀਸਾਂ ਵਿੱਚ ਹੇਠ ਲਿਖੇ ਅਨੁਸਾਰ ਵਾਧਾ ਕਰਨ ਲਈ ਕੇਸ ਮਾਨਯੋਗ ਹਾਊਸ ਦੇ ਵਿਚਾਰ ਹਿੱਤ

| | **ਬਿਨਾਂ ਲੇਟ ਫੀਸ** | **ਲੇਟ ਫੀਸ** |
|---|---|---|
| 1. ਬਕਰੇ, ਬਕਰੀ, ਪੱਠ ਅਤੇ ਭੇਡੂ | 50/- ਰੁਪਏ ਪ੍ਰਤੀ ਨਗ | 100/- ਰੁਪਏ ਪ੍ਰਤੀ ਨਗ |
| 2. ਸੂਰ | 80/- ਰੁਪਏ ਪ੍ਰਤੀ ਨਗ | 160/- ਰੁਪਏ ਪ੍ਰਤੀ ਨਗ |

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 91 : ਪ੍ਰਵਾਨ ਹੈ।**

**ਏਜੰਡਾ ਨੰਬਰ 13 :**

ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਸੈਂਟਰਲ ਵਰਕਸ ਮੰਡਲ ਭ ਤੇ ਮ ਸ਼ਾਖਾ, ਬਠਿੰਡਾ ਵੱਲੋਂ ਪੱਤਰ ਨੰਬਰ 2832 ਮਿਤੀ 10.11.2017 ਰਾਹੀਂ ਇਲੈਕਟ੍ਰੀਸਿਟੀ ਅਤੇ ਮੈਨਟੀਨੈਂਸ ਦਾ ਕੰਮ ਨਗਰ ਨਿਗਮ ਨੂੰ ਹੈਂਡ ਓਵਰ ਕਰਨ ਲਈ ਲਿਖਿਆ ਗਿਆ ਹੈ। ਨਗਰ ਨਿਗਮ ਵੱਲੋਂ ਬਠਿੰਡਾ-ਮਲੋਟ ਰੋਡ ਉਪਰ ਬਣੇ ਆਰ.ਓ.ਬੀ. ਤੇ ਲੱਗੀਆਂ ਸਟਰੀਟ ਲਾਈਟਾਂ ਨੂੰ ਟੇਕ ਓਵਰ ਕਰਨ ਅਤੇ ਬਿਜਲੀ ਕੁਨੈਕਸ਼ਨ ਲੈਣ, ਇੰਨ੍ਹਾਂ ਦੀ ਮੈਨਟੀਨੈਂਸ ਅਤੇ ਬਿਜਲੀ ਦੇ ਬਿੱਲਾਂ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 92 : ਪ੍ਰਵਾਨ ਹੈ।**

**ਏਜੰਡਾ ਨੰਬਰ 14 :**

ਰਿਪੋਰਟ ਬਿਲਡਿੰਗ ਸ਼ਾਖਾ ਕਿ ਸ਼ਹਿਰ ਵਿੱਚ ਟੀ.ਪੀ. ਸਕੀਮਾਂ ਵਿੱਚ ਹੇਠ ਲਿਖੀਆਂ ਸੜ੍ਹਕਾਂ ਤੇ ਸੀ.ਐਲ.ਯੂ. ਕਰਨ ਲਈ ਤਜਵੀਜ ਨਿਗਮ ਹਾਊਸ ਪਾਸ ਭੇਜੀ ਗਈ ਸੀ:

1. ਸੰਤਪੁਰਾ ਰੋਡ ਤੋਂ ਡਾ: ਮੇਲਾ ਰਾਮ ਰੋਡ ਨੂੰ ਮਿਲਾਉਂਦੀ 45 ਫੁੱਟੀ ਰੋਡ, ਟੀ.ਪੀ. ਸਕੀਮ 1 ਭਾਗ 3
2. ਗੁਰੂਕੁੱਲ ਰੋਡ, ਟੀ.ਪੀ. ਸਕੀਮ ਨੰਬਰ 15
3. ਗੁਰੂਕੁੱਲ ਰੋਡ ਤੋਂ ਜੋਗੀ ਨਗਰ ਨੂੰ ਜਾਂਦੀ 60 ਫੁੱਟ ਚੌੜੀ ਰੋਡ, ਟੀ.ਪੀ. ਸਕੀਮ ਨੰਬਰ 15
4. 40 ਫੁੱਟ ਚੌੜੀ ਰੋਡ ਸਾਹਮਣੇ ਬੇਰੀ ਵਾਲਾ ਬਾਬਾ, ਭੱਟੀ ਰੋਡ ਤੋਂ ਡਾ: ਮੇਲਾ ਰਾਮ ਰੋਡ ਹਸਪਤਾਲ ਰੋਡ, ਟੀ.ਪੀ. ਸਕੀਮ 9 ਭਾਗ 1, 2 ਅਤੇ 2 ਭਾਗ 3
5. 40 ਫੁੱਟ ਚੌੜੀ ਰੋਡ ਅਗਰਵਾਲ ਕਲੋਨੀ, ਭੱਟੀ ਰੋਡ ਤੋਂ ਡਾ: ਕਿਸ਼ੋਰੀ ਰਾਮ ਹਸਪਤਾਲ ਰੋਡ, ਟੀ.ਪੀ. ਸਕੀਮ 2 ਭਾਗ 3
6. ਡਾ: ਬਖਸ਼ੀ ਹਸਪਤਾਲ ਤੋਂ ਬੀਬੀ ਵਾਲਾ 60 ਫੁੱਟੀ ਰੋਡ, ਟੀ.ਪੀ. ਸਕੀਮ ਨੰਬਰ 3 ਭਾਗ 2
7. 60 ਫੁੱਟ ਚੌੜੀ ਰੋਡ, ਡਾ: ਮਹੇਸ਼ਵਰੀ ਰੋਡ ਤੋਂ ਸਕੀਮ ਦੀ ਬਾਊਂਡਰੀ ਤੱਕ, ਟੀ.ਪੀ. ਸਕੀਮ ਨੰਬਰ 3 ਭਾਗ 2

ਨਗਰ ਨਿਗਮ ਹਾਊਸ ਵੱਲੋਂ ਮਤਾ ਨੰਬਰ 45 ਮਿਤੀ 21.08.2015 ਰਾਹੀਂ ਉਕਤ ਤਜਵੀਜ ਨੂੰ ਪ੍ਰਵਾਨ ਕਰਦੇ ਹੋਏ ਸੀ.ਐਲ.ਯੂ. ਲਈ ਹੇਠ ਲਿਖੀਆਂ ਹੋਰ ਸੜ੍ਹਕਾਂ ਮਜ਼ੀਦ ਪ੍ਰਵਾਨ ਕੀਤੀਆਂ ਗਈਆਂ:-

1. 60' ਬਾਬਾ ਫਰੀਦ ਨਗਰ
2. 40' ਨਾਮਦੇਵ ਰੋਡ
3. ਗਰੀਨ ਪੈਲੇਸ ਪਾਸ 100' ਰੋਡ
4. ਅਮਰੀਕ ਸਿੰਘ ਰੋਡ ਤੋਂ ਮਿੱਤਲ ਮਾਲ ਤੱਕ ਸੜ੍ਹਕ
5. 40' ਪਰਿੰਦਾ ਰੋਡ
6. 60' ਸੰਤਪੁਰਾ ਰੋਡ ਤੋਂ ਡਾ: ਮੇਲਾ ਰਾਮ ਰੋਡ 100' ਰੋਡ
7. ਗੋਨਿਆਨਾ ਰੋਡ ਤੋਂ ਲੈ ਕੇ ਬਰਨਾਲਾ ਬਾਈਪਾਸ ਰੋਡ ਨੂੰ ਮਿਲਾਉਂਦੀ ਸਟੈਲਾ ਹੋਟਲ ਦੇ ਸਾਹਮਣੇ ਖੁਲਦੀ 100' ਰੋਡ
8. ਪਾਕਟ ਨੰਬਰ 6 ਵਿੱਚ ਪੈਂਦੀ ਮਾਤਾ ਰਾਣੀ ਗਲੀ ਤੋਂ ਟੀਚਰ ਹੋਮ ਦੇ ਸਾਹਮਣੇ ਨਿਕਲਦੀ 40' ਰੋਡ

ਉਕਤ ਮਤੇ ਦੇ ਸਬੰਧ ਵਿੱਚ ਸਥਾਨਕ ਸਰਕਾਰ ਵਿਭਾਗ ਪੰਜਾਬ ਦੇ ਪੱਤਰ ਨੰਬਰ ਸ5-ਡਸਸ-ਮਸਸ-16/40396 ਮਿਤੀ 29.07.2016 ਰਾਹੀਂ ਲਿਖਿਆ ਗਿਆ ਹੈ ਕਿ ਬਠਿੰਡਾ ਸ਼ਹਿਰ ਦਾ ਮਾਸਟਰ ਪਲਾਨ ਪੀ.ਆਰ.ਟੀ.ਪੀ.ਡੀ. ਐਕਟ 1995 ਅਧੀਨ ਨੋਟੀਫਾਈ ਹੋ ਚੁੱਕਾ ਹੈ। ਮਾਸਟਰ ਪਲਾਨ ਦੇ ਉਪਬੰਧਾਂ ਅਨੁਸਾਰ ਮਿਉਂਸਪਲ ਹੱਦ ਅੰਦਰ ਰਿਹਾਇਸ਼ੀ ਜ਼ੋਨ ਵਿੱਚ 80' ਚੌੜੀ ਸੜ੍ਹਕ ਤੇ ਕਮਰਸ਼ੀਅਲ ਉਸਾਰੀ ਪ੍ਰਮਿਸੀਬਲ ਹੈ ਅਤੇ 60 ਚੌੜੀ ਸੜ੍ਹਕ ਤੇ ਲਗਦੇ ਪਲਾਟਾਂ ਵਿੱਚ ਲੋਕਲ ਲੇਵਲ ਤੇ ਸਿੰਗਲ ਸਟੋਰੀ ਕਮਰਸ਼ੀਅਲ ਇਤਰਾਜ਼ਯੋਗ ਹੈ। ਇਸ ਤਰ੍ਹਾਂ ਮਾਸਟਰ ਪਲਾਨ ਦੇ ਇਹਨਾਂ ਉਪਬੰਧਾਂ ਦੇ ਮੱਦੇ ਨਜ਼ਰ ਨਾਨ ਸਕੀਮ ਏਰੀਏ ਦੀ ਕਿਸੇ ਸੜ੍ਹਕ ਨੂੰ ਕਮਰਸ਼ੀਅਲ ਡਿਕਲੇਅਰ ਕੀਤੇ ਜਾਣ ਦੀ ਲੋੜ੍ਹ ਨਹੀਂ ਰਹਿ ਜਾਂਦੀ। ਪਰੰਤੂ ਨਗਰ ਨਿਗਮ ਵੱਲੋਂ ਮਤੇ ਅੰਦਰ ਮਾਸਟਰ ਪਲਾਨ ਸਬੰਧੀ ਕੋਈ ਰਿਪੋਰਟ ਨਹੀਂ ਕੀਤੀ ਗਈ। ਜੇਕਰ ਨਗਰ ਨਿਗਮ ਕਿਸੇ ਸੜ੍ਹਕ ਤੇ ਲਗਦੀ ਕਿਸੇ ਸਕੀਮ ਦੇ ਰਿਹਾਇਸ਼ੀ ਪਲਾਟਾਂ ਦਾ ਭੌਂ-ਮੰਤਵ ਤਬਦੀਲ ਕਰਨਾ ਚਾਹੁੰਦਾ ਹੈ ਤਾਂ ਉਸ ਸਥਿਤੀ ਵਿੱਚ ਮਾਸਟਰ ਪਲਾਨ ਦੇ ਉਪਬੰਧਾਂ ਅਨੁਸਾਰ ਸਕੀਮ ਦੀ ਸੋਧ ਸਬੰਧੀ ਮਤੇ ਦੇ ਰੂਪ ਵਿੱਚ ਨਗਰ ਨਿਗਮ ਵੱਲੋਂ ਫੈਸਲਾ ਲਿਆ ਜਾਣਾ ਬਣਦਾ ਹੈ ਅਤੇ ਉਸ ਉਪਰੰਤ ਸਕੀਮ ਵਿੱਚ ਸੋਧ ਸਬੰਧੀ ਸਰਕਾਰ ਦੇ ਰੂਲਾਂ/ ਹਦਾਇਤਾਂ/ ਕਾਨੂੰ ਅਨੁਸਾਰ ਕਾਰਵਾਈ ਕਰਨੀ ਬਣਦੀ ਹੈ। ਸਰਕਾਰ ਦੇ ਪੱਤਰ ਦੇ ਸਬੰਧ ਵਿੱਚ ਉੱਚ ਅਧਿਕਾਰੀਆਂ ਨਾਲ ਵਿਚਾਰ ਕਰਨ ਉਪਰੰਤ ਹੇਠ ਲਿਖੀਆਂ ਸੜ੍ਹਕਾਂ ਤੇ ਸੀ.ਐਲ.ਯੂ. ਲਈ ਯੋਗ ਪਾਈਆਂ ਗਈਆਂ :-

1. 60' ਗੁਰੂਕੁੱਲ ਰੋਡ, ਟੀ.ਪੀ. ਸਕੀਮ ਨੰਬਰ 15
2. ਗੁਰੂਕੁੱਲ ਰੋਡ ਤੋਂ ਜੋਗੀ ਨਗਰ ਨੂੰ ਜਾਂਦੀ 60 ਫੁੱਟ ਚੌੜੀ ਸੜ੍ਹਕ, ਟੀ.ਪੀ. ਸਕੀਮ ਨੰਬਰ 15
3. 60 ਫੁੱਟ ਚੌੜੀ ਰੋਡ, ਡਾ: ਮਹੇਸ਼ਵਰੀ ਰੋਡ ਤੋਂ ਸਕੀਮ ਦੀ ਬਾਊਂਡਰੀ ਤੱਕ, ਟੀ.ਪੀ. ਸਕੀਮ ਨੰ: 3 ਭਾਗ 2
4. 100' ਰੋਡ, ਸੰਤਪੁਰਾ ਰੋਡ ਤੋਂ ਡਾ: ਮੇਲਾ ਰਾਮ ਰੋਡ, ਟੀ.ਪੀ. ਸਕੀਮ 1 ਭਾਗ 3
5. ਗੋਨਿਆਨਾ ਰੋਡ ਨੂੰ ਬਰਨਾਲਾ ਬਾਈਪਾਸ ਨਾਲ ਮਿਲਾਉਂਦੀ, ਸਟੈਲਾ ਹੋਟਲ ਦੇ ਸਾਹਮਣੇ ਖੁੱਲਦੀ 100' ਰੋਡ, ਟੀ.ਪੀ. ਸਕੀਮ 9 ਭਾਗ 1

ਨਗਰ ਨਿਗਮ ਬਠਿੰਡਾ ਵੱਲੋਂ 05 ਸੜ੍ਹਕਾਂ ਦੀ ਭੌਂ-ਵਰਤੋਂ ਦੀ ਤਬਦੀਲੀ (Change of Land Use) ਲਈ ਮਿਤੀ 21.09.2017 ਦੇ ਜਗਬਾਣੀ ਅਤੇ 22.09.2017 ਦੇ ਦੈਨਿਕ ਭਾਸਕਰ ਅਖਬਾਰ ਵਿੱਚ 30 ਦਿਨਾਂ ਦਾ ਪਬਲਿਕ ਨੋਟਿਸ ਪ੍ਰਕਾਸ਼ਿਤ ਕਰਵਾਇਆ ਗਿਆ ਸੀ ਅਤੇ ਇੰਨ੍ਹਾਂ ਨੋਟਿਸਾਂ ਦੇ ਸਬੰਧ ਵਿੱਚ ਮਿਤੀ 14.10.2017 ਨੂੰ ਦੋਵੇਂ ਅਖਬਾਰਾਂ ਵਿੱਚ ਸੋਧ ਨੋਟਿਸ ਪ੍ਰਕਾਸ਼ਿਤ ਕਰਵਾਇਆ ਸੀ। ਨਿਗਮ ਦਫਤਰ ਵਿਖੇ ਸੀ.ਐਲ.ਯੂ. ਸਬੰਧੀ ਪ੍ਰਕਾਸ਼ਿਤ ਕਰਵਾਏ ਪਬਲਿਕ ਨੋਟਿਸਾਂ ਤੇ ਕੋਈ ਇਤਰਾਜ਼ ਪ੍ਰਾਪਤ ਨਹੀਂ ਹੋਇਆ। ਇਸ ਸਬੰਧੀ ਰਿਪੋਰਟ ਕੀਤੀ ਗਈ ਹੈ ਕਿ "May be sent to General House of MC for final approval, so that case may be sent to Govt. for notification".

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 93 : ਪ੍ਰਵਾਨ ਕੀਤਾ ਜਾਂਦਾ ਹੈ ਕਿ 05 ਸੜ੍ਹਕਾਂ ਦੀ ਭੌਂ-ਵਰਤੋਂ ਦੀ ਤਬਦੀਲੀ (Change of Land Use) ਸਬੰਧੀ ਸਰਕਾਰ ਦੀਆਂ ਹਦਾਇਤਾਂ ਦੀ ਇਨ-ਬਿਨ ਪਾਲਨਾਂ ਯਕੀਨੀ ਬਣਾਈ ਜਾਵੇ।**

**ਏਜੰਡਾ ਨੰ: 15**

ਦਫਤਰੀ ਰਿਪੋਰਟ ਕਿ ਨਿਗਮ ਦੀ ਗੱਡੀ ਨੰਬਰ ਪੀ.ਬੀ. 03 ਐਸ - 2021 ਦੇ ਡਰਾਈਵਰ ਦੀ ਅਪ੍ਰੈਲ 2017 ਵਿੱਚ ਰਿਟਾਇਰਮੈਂਟ ਹੋਣ ਕਾਰਨ ਡਰਾਈਵਰ ਦੀ ਆਸਾਮੀ ਖਾਲੀ ਹੋ ਗਈ ਹੈ। ਨਿਗਮ ਦੇ ਕੰਮਕਾਰ ਨੂੰ ਸੁੱਚਜੇ ਢੰਗ ਨਾਲ ਨਿਪਟਾਉਣ ਲਈ ਡਰਾਈਵਰ ਦੀ ਅਤਿ ਲੋੜ੍ਹ ਹੈ। ਇਸ ਲਈ ਜਦੋਂ ਤੱਕ ਖਾਲੀ ਆਸਾਮੀ ਵਿਰੁੱਧ ਭਰਤੀ ਨਹੀਂ ਕੀਤੀ ਜਾਂਦੀ, ਉੱਦੋਂ ਤੱਕ ਜਾਂ ਇੱਕ ਸਾਲ ਜੋ ਵੀ ਸਮਾਂ ਘੱਟ ਹੋਵੇ, ਇਸ ਆਸਾਮੀ ਵਿਰੁੱਧ ਆਊਟਸੋਰਸ ਰਾਹੀਂ ਡਰਾਈਵਰ ਰਖਣਾ ਯੋਗ ਹੋਵੇਗਾ। ਆਊਟਸੋਰਸ ਏਜੰਸੀ ਪਾਸੋਂ ਡਰਾਈਵਰ ਲੈਣ ਤੇ ਡੀ.ਸੀ. ਰੇਟਾਂ ਅਨੁਸਾਰ ਤਨਖਾਹ ਦੇਣ ਲਈ ਨਵਾਂ ਐਸਟੀਮੇਟ ਹੇਠ ਲਿਖੇ ਅਨੁਸਾਰ ਹੋਵੇਗਾ:-

| | |
|---|---|
| ਡੀ.ਸੀ. ਰੇਟ ਪ੍ਰਤੀ ਮਹੀਨਾ 1 ਕਾਰ ਡਰਾਈਵਰ | 8,349/- ਰੁਪਏ |
| ਏਜੰਸੀ ਠੇਕੇਦਾਰ ਦੇ ਸਰਵਿਸ ਚਾਰਜ਼ਿਜ਼ 10% | 835/- ਰੁਪਏ |
| ਕੁੱਲ | 9,184/- ਰੁਪਏ |
| @ 8349/- ਈ.ਪੀ.ਐਫ. 13.15% | 1,252/- ਰੁਪਏ |
| @ 8349/- ਈ.ਸੀ.ਆਈ.ਸੀ. 04.75% | 397/- ਰੁਪਏ |
| ਕੁੱਲ | 10,833/- ਰੁਪਏ |
| ਮਹੀਨੇ | 12 |
| ਕੁੱਲ ਰਕਮ (10833x12) | 1,29,996/- ਰੁਪਏ |

ਇਸ ਤਰ੍ਹਾਂ ਖਰਚਾ ਮੁਬਲਿਗ 1,29,996/- ਰੁਪਏ ਦੀ ਪ੍ਰਵਾਨਗੀ ਲਈ ਕੇਸ ਮਾਨਯੋਗ ਕਮਿਸ਼ਨਰ ਸਾਹਿਬ ਰਾਹੀਂ ਰਕਮ ਦੀ ਪ੍ਰਵਾਨਗੀ ਅਤੇ ਇਸ ਕਰਮਚਾਰੀ ਦੀਆਂ ਸੇਵਾਵਾਂ ਆਊਟਸੋਰਸ ਏਜੰਸੀ ਰਾਹੀਂ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 94 : ਪ੍ਰਵਾਨ ਹੈ।**

**ਏਜੰਡਾ ਨੰਬਰ: 16**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ Fortune Electro India (Brand Name CXL- TITON) ਨੂੰ ਸ਼ਹਿਰ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ 40 ਆਰ.ਓ. ਲਗਾਉਣ ਅਤੇ ਉਹਨਾਂ ਨੂੰ 7 ਸਾਲਾਂ ਲਈ ਮੈਨਟੇਨ ਕਰਨ ਦਾ ਠੇਕਾ ਦਿੱਤਾ ਗਿਆ ਸੀ। ਇਸ ਸਬੰਧੀ ਇਸ ਫਰਮ ਨਾਲ ਮਿਤੀ 13.06.2009 ਨੂੰ ਇਕ ਇਕਰਾਰਨਾਮਾ ਵੀ ਕੀਤਾ ਗਿਆ ਸੀ। ਇਹ ਇਕਰਾਰਨਾਮਾ ਮਿਤੀ 30.04.2013 ਨੂੰ ਰਿਵਾਇਜ਼ ਕੀਤਾ ਗਿਆ ਸੀ। ਫਰਮ ਵੱਲੋਂ ਮਿਤੀ 26.11.2015 ਨੂੰ ਪ੍ਰਤੀ ਬੇਨਤੀ ਕੀਤੀ ਗਈ ਕਿ ਫਰਮ ਇਹਨਾਂ ਆਰ.ਓ. ਨੂੰ ਹੋਰ ਅੱਗੇ ਚਲਾਉਣਾ ਚਾਹੁੰਦੀ ਹੈ। ਇਸ ਲਈ ਉਹਨਾਂ ਨੂੰ ਇਹ ਆਰ.ਓ. ਮੈਨਟੇਨ ਕਰਨ ਅਤੇ ਚਲਾਉਣ ਸਬੰਧੀ ਮਿਆਦ ਵਧਾ ਦਿੱਤੀ ਜਾਵੇ। ਫਰਮ ਵੱਲੋਂ ਇਹ ਵੀ ਲਿਖਿਆ ਗਿਆ ਕਿ ਉਹ ਪਹਿਲਾਂ ਕੀਤੇ ਇਕਰਾਰਨਾਮੇ ਮੁਤਾਬਿਕ ਹੀ ਵਧਾਈ ਗਈ ਮਿਆਦ ਵਿੱਚ ਕੰਮ ਕਰਨ ਲਈ ਤਿਆਰ ਹੈ। ਫਰਮ ਦੀ ਪ੍ਰਤੀ ਬੇਨਤੀ ਨੂੰ ਮੁੱਖ ਰਖਦੇ ਹੋਏ ਨਗਰ ਨਿਗਮ ਵੱਲੋਂ ਆਪਣੇ ਮਤਾ ਨੰਬਰ 49 ਮਿਤੀ 10.11.2016 ਰਾਹੀਂ ਕੁੱਲ 48 ਆਰ.ਓ. (40 ਪਹਿਲਾਂ ਜੋ Fortune Electro India (Brand Name CXL- TITON) ਅਤੇ 8 ਆਰ.ਓ. ਇਕ ਹੋਰ ਫਰਮ ਨੰਦੀ ਫਾਊਂਡੇਸ਼ਨ ਵੱਲੋਂ ਮੈਨਟੇਨ ਕੀਤੇ ਜਾ ਰਹੇ ਸਨ। ਤੇ ਰੱਖ ਰਖਾਵ ਦਾ ਕੰਮ ਮਿਤੀ 31.12.2018 ਤੱਕ ਪਹਿਲਾਂ ਵਾਲੀਆਂ ਸ਼ਰਤਾਂ ਤੇ ਹੀ Fortune Electro India (Brand Name CXL- TITON) ਨੂੰ ਦਿੱਤਾ ਜਾਣਾ ਪ੍ਰਵਾਨ ਕੀਤਾ ਸੀ। ਇਸ ਮਤੇ ਨੂੰ ਮੁੱਖ ਰਖਦਿਆਂ Fortune Electro India (Brand Name CXL- TITON) ਵੱਲੋਂ ਸ਼ਹਿਰ ਵਿੱਚ ਲੱਗੇ 48 ਆਰ.ਓ. ਪਲਾਂਟ ਮੈਨਟੇਨ ਕੀਤੇ ਜਾ ਰਹੇ ਹਨ, ਪਰੰਤੂ ਫਰਮ ਵੱਲੋਂ ਨਗਰ ਨਿਗਮ ਪਾਸ ਨਵੀਂ ਬੈਂਕ ਗਾਰੰਟੀ ਜਮ੍ਹਾਂ ਨਹੀਂ ਕਰਵਾਈ ਗਈ ਸੀ।

ਫਰਮ ਨੂੰ ਇਸ ਦਫਤਰ ਦੇ ਪੱਤਰ ਨੰ: 1538 ਮਿਤੀ 15.09.2017, ਪੱਤਰ ਨੰ: 1936 ਮਿਤੀ 21.07.2017, ਪੱਤਰ ਨੰ: 2343 ਮਿਤੀ 06.09.2017 ਅਤੇ ਪੱਤਰ ਨੰ: 2720 ਮਿਤੀ 23.10.2017 ਰਾਹੀਂ ਬੈਂਕ ਗਾਰੰਟੀ ਰਿਨਿਊ ਕਰਵਾਉਣ ਲਈ ਸ਼ੋ-ਕਾਜ਼ ਨੋਟਿਸ ਜਾਰੀ ਕੀਤਾ ਗਿਆ। ਫਰਮ ਵੱਲੋਂ ਆਪਣੇ ਪੱਤਰ ਮਿਤੀ 12.12.2017 ਰਾਹੀਂ ਲਿਖਿਆ ਹੈ ਕਿ ਪਹਿਲਾਂ ਜੋ ਬੈਂਕ ਗਾਰੰਟੀ ਉਹਨਾਂ ਵੱਲੋਂ ਜਮ੍ਹਾਂ ਕਰਵਾਈ ਗਈ ਸੀ, ਉਹ 40

ਆਰ.ਓ. ਪਲਾਂਟ ਲਗਾਉਣ ਅਤੇ ਇਹਨਾਂ ਦੀ 7 ਸਾਲਾਂ ਲਈ ਮੈਨਟੀਨੇਂਸ ਕਰਨ ਸਬੰਧੀ ਸੀ। ਹੁਣ ਆਰ.ਓ. ਪਲਾਂਟ ਲਗਾਉਣ ਦਾ ਕੰਮ ਖਤਮ ਹੋ ਚੁੱਕਾ ਹੈ ਅਤੇ ਇਹਨਾਂ ਆਰ.ਓ. ਦੀ ਆਪਰੇਸ਼ਨ ਅਤੇ ਮੈਨਟੀਨੈਂਸ ਦਾ ਕੰਮ ਹੀ ਫਰਮ ਵੱਲੋਂ ਕੀਤਾ ਜਾ ਰਿਹਾ ਹੈ। ਇਸ ਕਰਕੇ 10.00 ਲੱਖ ਰੁਪਏ ਦੀ ਬੈਂਕ ਗਾਰੰਟੀ ਜਮ੍ਹਾਂ ਕਰਵਾਉਣ ਦੀ ਬੇਨਤੀ ਕੀਤੀ ਹੈ। ਫਰਮ ਵੱਲੋਂ ਬੇਨਤੀ ਤੇ ਵਿਚਾਰ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 95 : **ਪਾਸ ਕੀਤਾ ਗਿਆ ਕਿ Fortune Electro India (Brand Name CXL- TITON) ਪਾਸੋਂ ਬੈਂਕ ਗਾਰੰਟੀ ਜਮ੍ਹਾਂ ਕਰਵਾਉਣ ਅਤੇ ਇਕਰਾਰਨਾਮੇ ਦੀਆਂ ਹੋਰ ਸ਼ਰਤਾਂ ਤੇ ਵਿਚਾਰ ਕਰਨ ਖਾਤਰ ਸਬ-ਕਮੇਟੀ ਬਣਾਈ ਜਾਵੇ।ਸਬ-ਕਮੇਟੀ ਦੀ ਰਿਪੋਰਟ ਤੱਥਾਂ ਸਮੇਤ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਖਾਤਰ ਪੇਸ਼ ਕੀਤੀ ਜਾਵੇ ਤਾਂ ਜੋ ਉਸ ਉਪਰੰਤ ਹਾਊਸ ਵੱਲੋਂ ਫੈਸਲਾ ਲਿਆ ਜਾ ਸਕੇ।**

ਏਜੰਡਾ ਨੰਬਰ: 17

ਰਿਪੋਰਟ ਬਿਲਡਿੰਗ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਬਿਲਡਿੰਗ ਬਾਈਲਾਜ ਦੇ ਚੈਪਟਰ ਦੀ 3 3 ਕਲਾਜ. ਅਨੁਸਾਰ ਨਕਸ਼ਾ ਨਵੀਸ 2ਨੂੰ ਰਜਿਸਟਰਡ ਕਰਕੇ ਲਸੰਸ ਜਾਰੀ ਕੀਤਾ ਜਾਂਦਾ ਹੈ ਅਤੇ ਕਲਾਜ 3.ਅਨੁਸਾਰ 3 ਇਸ ਨੂੰ ਹਰ ਸਾਲ ਰਿਨਿਊਲ ਕੀਤਾ ਜਾਂਦਾ ਹੈ। ਨਵਾਂ ਲਸੰਸ ਜਾਰੀ ਕਰਨ ਅਤੇ ਰੀਨਿਊਲ ਕਰਨ ਦੇ ਸਬੰਧ ਵਿੱਚ ਨਕਸ਼ਾਂ 500 ਨਵੀਸਾਂ ਪਾਸੋਂ/- ਰੁਪਏ ਲਸੰਸ ਫੀਸ ਵਸੂਲ ਕੀਤੀ ਜਾ ਰਹੀ ਹੈ। ਇਹ 500/- ਰੁਪਏ ਲਸੰਸ ਫੀਸ ਨਗਰ ਕੌਂਸਲ ਹੁਣ ਨਗਰ ਨਿਗਮ ਵੱਲੋਂ ਸਾਲ ਤੋਂ ਪਹਿਲਾਂ ਨਿਸ਼ਚਿਤ ਕੀਤੀ ਗਈ ਸੀ ਅਤੇ ਜੇਕਰ ਕੋਈ ਨਕਸ਼ਾ ਨਵੀਸ ਅਪ੍ਰੈਲ 25 ਰਾਜੀਨਾਮਾ /ਮਹੀਨੇ ਦੀ ਬਜਾਏ ਵਿਤੀ ਸਾਲ ਦੇ ਵਿਚਕਾਰ ਲਸੰਸ ਰੀਨਿਊ ਕਰਵਾਉਂਦਾ ਹੈ ਤਾਂ ਉਸ ਪਾਸੋਂ ਕੋਈ ਜੁਰਮਾਨਾ ਫੀਸ ਵਸੂਲ ਨਹੀਂ ਕੀਤੀ ਜਾਂਦੀ। ਜਿਸ ਕਰਕੇ ਨਕਸ਼ਾ ਨਵੀਸ ਸਮੇਂ ਸਿਰ ਆਪਣਾ ਲਸੰਸ ਰਿਨਿਊ ਨਹੀਂ ਕਰਵਾਉਂਦੇ। ਸਾਲਾਂ 25 ਪਿਛਲੇਦੇ ਮੁਕਾਬਲੇ ਹੁਣ ਨਗਰ ਨਿਗਮ ਦੇ ਖਰਚਿਆਂ ਵਿੱਚ ਕਈ ਗੁਣਾ ਵਾਧਾ ਹੋ ਚੁੱਕਾ ਹੈ। ਇਸ ਲਈ ਨਕਸ਼ਾ ਨਵੀਸ ਨੂੰ ਨਵੇਂ ਲਸੰਸ ਤਹਿਤ ਰਜਿਸਟਰਡ ਕਰਨ ਅਤੇ ਜਾਰੀ ਕੀਤੇ ਲਸੰਸ ਨੂੰ ਹਰ ਸਾਲ ਰੀਨਿਊਲ ਕਰਨ ਦੀਆਂ ਫੀਸਾਂ ਨੂੰ ਹੇਠ ਲਿਖੇ ਅਨੁਸਾਰ ਰਿਵਾਇਜ ਕੀਤਾ ਜਾਂਦਾ ਹੈ-:

| | |
|---|---|
| **ਲਸੰਸ ਫੀਸ ਨਕਸ਼ਾ ਨਵੀਸ ਕਲਾਸ -ਏ -:** | 5000/- **ਰੁਪਏ** |
| **ਲਸੰਸ ਫੀਸ ਨਕਸ਼ਾ ਨਵੀਸ ਕਲਾਸ -ਬੀ ਅਤੇ ਸੀ -:** | 3000/- **ਰੁਪਏ** |

ਨਕਸ਼ਾ ਨਵੀਸ ਪਾਸੋਂ ਹਰ ਸਾਲ ਮਾਹ ਅਪ੍ਰੈਲ ਵਿੱਚ ਲਸੰਸ ਰੀਨਿਊ ਕਰਨ ਲਈ ਪ੍ਰਾਪਤ ਹੋਇਆਂ ਦਰਖਾਸਤਾਂ ਉਪਰੋਕਤ ਲਸੰਸ ਫੀਸ ਨਾਲ ਪ੍ਰਵਾਨ ਕੀਤੀਆਂ ਜਾਣਗੀਆਂ ਅਤੇ ਜੇਕਰ ਕੋਈ ਨਕਸ਼ਾ ਨਵੀਸ ਮਾਹ ਅਪ੍ਰੈਲ ਤੋਂ ਬਾਅਦ ਲਸੰਸ ਰੀਨਿਊ ਕਰਨ ਲਈ ਦਰਖਾਸਤਾਂ ਦਿੰਦਾ ਹੈ ਤਾਂ ਉਹ ਦਰਖਾਸਤਾਂ ਉਸ ਵਿਤੀ ਸਾਲ ਦੌਰਾਨ ਹੇਠ ਲਿਖੀ ਰਾਜੀਨਾਮਾ ਫੀਸ ਨਾਲ ਪ੍ਰਵਾਨ ਕੀਤੀਆਂ ਜਾਣਗੀਆਂ-:

| | |
|---|---|
| **ਮਾਹ ਮਈ ਤੋਂ ਜੂਨ ਤੱਕ:** | 25 **ਲਸੰਸ ਫੀਸ ਦੀ% ਰਾਜੀਨਾਮਾ ਫੀਸ** |
| **ਮਾਹ ਜੁਲਾਈ ਤੋਂ ਸਤੰਬਰ ਤੱਕ :** | 50 **ਲਸੰਸ ਫੀਸ ਦੀ% ਰਾਜੀਨਾਮਾ ਫੀਸ** |
| **ਮਾਹ ਅਕਤੂਬਰ ਤੋਂ ਦਸੰਬਰ ਤੱਕ :** | 75 **ਲਸੰਸ ਫੀਸ ਦੀ% ਰਾਜੀਨਾਮਾ ਫੀਸ** |
| **ਮਾਹ ਜਨਵਰੀ ਤੋਂ ਮਾਰਚ ਤੱਕ:** | 100 **ਲਸੰਸ ਫੀਸ ਦੀ% ਰਾਜੀਨਾਮਾ ਫੀਸ** |

ਉਪਰੋਕਤ ਤਜਵੀਜ ਦੀ ਮੰਜੂਰੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 96 : ਪਾਸ ਕੀਤਾ ਗਿਆ ਕਿ ਨਵੇਂ ਲਾਇਸੰਸ ਅਤੇ ਇਹਨਾਂ ਦੀ ਹਰ ਸਾਲ ਰਿਨਿਊਲ ਕਰਨ ਖਾਤਰ ਨਕਸ਼ਾ ਨਵੀਸ ਕਲਾਸ-ਏ ਲਈ 2500/- ਰੁਪਏ ਅਤੇ ਨਕਸ਼ਾ ਨਵੀਸ ਕਲਾਸ-ਬੀ ਅਤੇ ਸੀ ਲਈ 1500/- ਰੁਪਏ ਪਾਸ ਕੀਤੇ ਜਾਂਦੇ ਹਨ। ਰਾਜੀਨਾਮਾ ਫੀਸਾਂ ਰਿਪੋਰਟ ਅਨੁਸਾਰ ਪ੍ਰਵਾਨ ਹਨ।

ਏਜੰਡਾ ਨੰਬਰ: 18

ਦਫਤਰੀ ਰਿਪੋਰਟ ਕਿ ਸਵੱਛ ਭਾਰਤ ਮਿਸ਼ਨ ਅਧੀਨ IHHL ਸਕੀਮ ਰਾਹੀਂ 1508 ਪ੍ਰਾਰਥੀਆਂ ਨੂੰ ਆਪਣੇ ਘਰ ਵਿੱਚ ਟਾਇਲਟ ਬਨਾਉਣ ਲਈ ਜਾਂ (Insanitary) ਅਸਵੱਸਥਕਾਰੀ ਪਖਾਨੇ ਨੂੰ (Sanitary) ਸਵੱਸਥਕਾਰੀ ਪਖਾਨੇ ਵਿੱਚ ਬਦਲਣ ਲਈ ਭਾਰਤ ਸਰਕਾਰ ਤੋਂ ਆਈ ਦੋ ਹਜ਼ਾਰ ਰੁਪਏ ਪ੍ਰਤੀ ਪ੍ਰਾਰਥੀ ਪਹਿਲੀ ਕਿਸ਼ਤ ਜਾਰੀ ਕੀਤੀ ਗਈ ਸੀ। ਦੂਜੀ ਕਿਸ਼ਤ ਜਾਰੀ ਕਰਨ ਵੇਲੇ ਇਹਨਾਂ ਪ੍ਰਾਰਥੀਆਂ ਦਾ ਮੁੜ ਤੋਂ ਸਰਵੇ ਕੀਤਾ ਗਿਆ, ਜਿੰਨ੍ਹਾਂ ਵਿੱਚੋਂ 498 ਪ੍ਰਾਰਥੀਆਂ ਨੂੰ ਹੇਠ ਲਿਖੇ ਕਾਰਨਾਂ ਕਰਕੇ ਪ੍ਰਾਰਥੀਆਂ ਵੱਲੋਂ ਟਾਇਲਟ ਨਹੀਂ ਬਣਾਇਆ ਗਿਆ ਸੀ/ ਸ਼ੁਰੂ ਕੀਤਾ ਗਿਆ ਸੀ। ਇਸ ਲਈ ਇਹਨਾਂ ਨੂੰ ਦੂਜੀ ਕਿਸ਼ਤ ਦੇਣ ਤੋਂ ਰੱਦ ਕੀਤਾ ਗਿਆ।

1) **38 ਪ੍ਰਾਰਥੀ ਆਪਣਾ ਘਰ ਛੱਡ ਕੇ ਜਾ ਚੁੱਕੇ ਸਨ।**
2) **10 ਪ੍ਰਾਰਥੀਆਂ ਵੱਲੋਂ ਆਪਣੇ ਕਿਸੇ ਪਰਿਵਾਰਕ ਮੈਂਬਰ ਦੁਆਰਾ ਦੋ ਵਾਰ ਫਾਰਮ ਭਰ ਕੇ ਕਿਸ਼ਤ ਲਿੱਤੀ ਗਈ।**
3) **446 ਪ੍ਰਾਰਥੀ ਸੀਵਰ ਨਾ ਹੋਣ ਕਾਰਨ ਦਿੱਤੀ ਗਈ ਰਾਸ਼ੀ ਵਿੱਚ ਸਵੱਸਥਕਾਰੀ ਪਖਾਨਾ ਬਨਾਉਣ ਵਿੱਚ ਅਸਮਰਥ ਹਨ।**
4) **4 ਪ੍ਰਾਰਥੀ ਵਿੱਤੀ ਹਾਲਤ ਨਾਜ਼ੁਕ ਹੋਣ ਕਾਰਨ ਟਾਇਲਟ ਬਨਾਉਣ ਵਿੱਚ ਅਸਮਰਥ ਹਨ।**

ਕੁੱਲ 498 ਪ੍ਰਾਰਥੀਆਂ ਨੂੰ ਰੱਦ ਕਰਨ ਲਈ ਭਾਰਤ ਸਰਕਾਰ MOHUA ਨੂੰ ਪੱਤਰ ਭੇਜਿਆ ਗਿਆ ਹੈ। ਇਹਨਾਂ ਪ੍ਰਾਰਥੀਆਂ ਦੇ ਬੇਨਤੀ ਫਾਰਮ ਸਬੰਧਤ ਏਰੀਏ ਦੇ ਨਗਰ ਨਿਗਮ ਕੋਂਸਲਰਜ਼ ਵੱਲੋਂ ਤਸਦੀਕ ਕੀਤੇ ਗਏ ਸਨ। ਇਹਨਾਂ ਪ੍ਰਾਰਥੀਆਂ ਦੀ ਬਣਦੀ ਰਾਸ਼ੀ 2000x498=9,96,000/- ਭਾਰਤ ਸਰਕਾਰ ਨੂੰ ਵਾਪਿਸ ਕਰਨ ਲਈ ਐਮ.ਸੀ.ਬੀ. ਫੰਡ ਵਿੱਚੋਂ ਅਦਾਇਗੀ ਕੀਤੇ ਜਾਣ ਲਈ ਅਤੇ ਇਹਨਾਂ ਪ੍ਰਾਰਥੀਆਂ ਤੋਂ ਵਾਪਸ ਵਸੂਲਣ ਲਈ ਕਾਨੂੰਨੀ ਕਾਰਵਾਈ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 97 : ਪ੍ਰਵਾਨ ਹੈ।**

**ਏਜੰਡਾ ਨੰਬਰ: 19**

ਰਿਪੋਰਟ ਬਿਲਡਿੰਗ ਸ਼ਾਖਾ ਕਿ ਗਰੀਨ ਸਿਟੀ ਦੇ ਪ੍ਰਮੋਟਰ ਸ਼੍ਰੀ ਨਾਜ਼ਰ ਸਿੰਘ ਪੁੱਤਰ ਸ਼੍ਰੀ ਤੇਜਾ ਸਿੰਘ ਵੱਲੋਂ ਮਿਤੀ 07.08.2017 ਨੂੰ ਦਿੱਤੀ ਦਰਖਾਸਤ ਰਾਹੀਂ ਗਰੀਨ ਸਿਟੀ 9.85 ਏਕੜ ਗਰੀਨ ਪੈਲੇਸ ਰੋਡ ਤੇ ਪੈਂਦੀ ਕਲੋਨੀ ਨੂੰ ਟੇਕ ਓਵਰ ਕਰਨ ਲਈ ਬੇਨਤੀ ਕੀਤੀ ਗਈ ਹੈ।

ਇਸ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਇਹ ਕਲੋਨੀ ਜਿਲ੍ਹਾ ਨਗਰ ਯੋਜਨਾਕਾਰ, ਬਠਿੰਡਾ ਵੱਲੋਂ ਅਪਰੂਵਲ ਨੰ: 661 (DTP-Bathinda) SB-133-A ਮਿਤੀ 28.03.2006 ਰਾਹੀਂ ਪ੍ਰਵਾਨ ਕੀਤੀ ਗਈ ਸੀ। ਉਕਤ ਕਲੋਨੀ ਦਾ ਕੰਪਲੀਸ਼ਨ ਸਰਟੀਫਿਕੇਟ ਮਹਿਕਮਾ ਪੁੱਡਾ ਵੱਲੋਂ ਪੱਤਰ ਨੰ: ਮ.ਪ./ਬੀਡੀਏ/ਬਠਿੰਡਾ/2012/817 ਮਿਤੀ 22.03.2012 ਜਾਰੀ ਕੀਤਾ ਜਾ ਚੁੱਕਾ ਹੈ। ਦਸਣਯੋਗ ਹੈ ਕਿ PAPR Act 1995 ਅਧੀਨ ਕਲੋਨੀਆਂ ਨੂੰ ਪਾਸ ਕਰਨ ਦੀ ਕਾਰਵਾਈ ਪਹਿਲਾਂ ਪੁੱਡਾ/ ਸਬੰਧਤ ਡਿਵੈਲਪਮੈਂਟ ਅਥਾਰਟੀ ਵੱਲੋਂ ਕੀਤੀ ਜਾਂਦੀ ਸੀ। ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਨੰ: 17/17/2001-5ਮਉ/ਪ.ਫ./1752 ਮਿਤੀ 24.06.2010 ਰਾਹੀਂ PAPR Act 1995 ਦੀ ਧਾਰਾ 2(1) ਅਧੀਨ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੂੰ ਮਿਉਂਸਪਲ ਹੱਦ ਅੰਦਰ ਪੈਂਦੇ ਏਰੀਏ ਦੀ ਸਮੱਰਥ ਅਥਾਰਟੀ ਨਿਯੁਕਤ ਕੀਤਾ ਗਿਆ ਹੈ, ਜਿਸ ਕਰਕੇ ਇਸ ਕਲੋਨੀ ਦਾ ਰਿਕਾਰਡ ਨਗਰ ਨਿਗਮ ਬਠਿੰਡਾ ਨੂੰ ਟਰਾਂਸਫਰ ਕੀਤਾ ਗਿਆ ਹੈ। ਨਿਗਮ ਹਾਊਸ ਦੇ ਪਾਸ ਕੀਤੇ ਮਤਾ ਨੰ: 367 ਮਿਤੀ 10.12.2012 ਦੀ ਪਾਲਣਾਂ ਹਿੱਤ ਇਸ ਕਲੋਨੀ ਦੀਆਂ ਓਪਨ ਸਪੇਸਜ਼/ ਪਬਲਿਕ ਯੂਟੀਲਟੀਜ਼ ਦੀ ਰਜਿਸਟਰੀ ਪ੍ਰਮੋਟਰ ਵੱਲੋਂ ਵਸੀਕਾ ਨੰ: 6513 ਮਿਤੀ 21.12.2015 ਰਾਹੀਂ ਨਗਰ ਨਿਗਮ ਦੇ ਹੱਕ ਵਿੱਚ ਕਰਵਾ ਦਿੱਤੀ ਗਈ ਹੈ। ਇਸ ਕਲੋਨੀ ਦੇ External Development Charges (EDC) ਪੁੱਡਾ ਪਾਸ ਜਮ੍ਹਾਂ ਹਨ ਅਤੇ ਨਿਯਮਾਂ ਅਨੁਸਾਰ ਇਹ EDC ਨਗਰ ਨਿਗਮ ਬਠਿੰਡਾ ਨੂੰ ਤਬਦੀਲ ਕੀਤੇ ਜਾਣੇ ਹਨ, ਜਿੰਨ੍ਹਾਂ ਨੂੰ ਤਬਦੀਲ ਕਰਨ ਕਰਾਉਣ ਲਈ ਨਗਰ ਨਿਗਮ ਵੱਲੋਂ ਪੁੱਡਾ/ ਬੀ.ਡੀ.ਏ ਨੂੰ ਪੱਤਰ ਲਿਖਿਆ ਹੋਇਆ ਹੈ। ਇਸ ਕਲੋਨੀ ਦਾ ਕੰਪਲੀਸ਼ਨ ਸਰਟੀਫਿਕੇਟ ਦਫਤਰ ਪੁੱਡਾ ਵੱਲੋਂ ਜਾਰੀ ਕੀਤਾ ਹੋਣ ਕਰਕੇ ਨਿਗਮ ਦਫਤਰ ਵੱਲੋਂ ਪੱਤਰ ਰਾਹੀਂ ਇਸ ਕਲੋਨੀ ਦੇ ਬਕਾਇਆਜਾਤ ਸਬੰਧੀ ਰਿਪੋਰਟ ਮੰਗੀ ਗਈ ਸੀ, ਜਿਸ ਦੇ ਸਬੰਧ ਵਿੱਚ ਪੁੱਡਾ ਵੱਲੋਂ ਪੱਤਰ ਨੰ: ਮ.ਪ./ਬੀ.ਡੀ.ਏ/ਬਠਿੰਡਾ/2017/5774 ਮਿਤੀ 28.11.2017 ਜਾਰੀ ਕਰਕੇ ਲਿਖਿਆ ਗਿਆ ਹੈ ਕਿ ਇਸ ਕਲੋਨੀ ਦੇ ਸਾਰੇ ਚਾਰਜਿਜ਼ ਉਨ੍ਹਾਂ ਵੱਲੋਂ ਵਸੂਲ ਕੀਤੇ ਜਾ ਚੁੱਕੇ ਹਨ ਅਤੇ ਕੋਈ ਬਕਾਇਆਜਾਤ ਬਾਕੀ ਨਹੀਂ ਹੈ। ਪੁੱਡਾ ਵੱਲੋਂ ਜਾਰੀ ਕੀਤੇ ਕੰਪਲੀਸ਼ਨ ਸਰਟੀਫਿਕੇਟ ਅਨੁਸਾਰ ਇਸ ਕਲੋਨੀ ਦੀ ਮੈਨਟੀਨੈਂਸ ਸਰਟੀਫਿਕੇਟ ਜਾਰੀ ਹੋਣ ਦੀ ਮਿਤੀ 22.03.2012 ਤੋਂ 5 ਸਾਲ ਤੱਕ ਪ੍ਰਮੋਟਰ ਵੱਲੋਂ ਕੀਤੀ ਜਾਣੀ ਹੈ ਅਤੇ ਕਲੋਨੀ ਦੀ ਮੈਨਟੀਨੈਂਸ ਦਾ ਸਮਾਂ ਮਿਤੀ 21.03.2017 ਤੱਕ ਪੂਰਾ ਹੋ ਗਿਆ ਹੈ। ਇਸ ਤੋਂ ਬਾਅਦ ਲਗਭਗ 9 ਮਾਹ ਦਾ ਸਮਾਂ ਬੀਤ ਚੁੱਕਾ ਹੈ ਅਤੇ ਕਲੋਨਾਈਜ਼ਰ ਵੱਲੋਂ ਇਸ ਨੂੰ ਮੈਨਟੇਨ ਕੀਤਾ ਜਾ ਰਿਹਾ ਹੈ। ਇਸ ਕਲੋਨੀ ਨੂੰ ਟੇਕ ਓਵਰ ਕਰਨ ਲਈ ਪ੍ਰਮੋਟਰ ਦੀ ਬੇਨਤੀ ਨੂੰ ਮੁੱਖ ਰਖਦੇ ਹੋਏ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 13.09.2017 ਰਾਹੀਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਦੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਅਤੇ ਇਸ ਕਲੋਨੀ ਨੂੰ ਵਿਕਾਸ ਦੇ ਕੰਮਾਂ ਦੀਆਂ ਮੱਦਾਂ ਦੀ ਪੜਤਾਲ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਸ ਕਮੇਟੀ ਵੱਲੋਂ ਕੀਤੀ ਗਈ ਪੜਤਾਲ ਰਿਪੋਰਟ ਹੇਠ ਲਿਖੇ ਅਨੁਸਾਰ ਹੈ ਜੀ:-

1. ਨਿਗਮ ਦੀ ਸਟਰੀਟ ਲਾਈਟ ਸ਼ਾਖਾ ਵੱਲੋਂ ਮਿਤੀ 02.01.2018 ਨੂੰ ਕੀਤੀ ਗਈ ਰਿਪੋਰਟ ਅਨੁਸਾਰ ਗਰੀਨ ਸਿਟੀ ਕਲੋਨੀ ਵਿਖੇ ਕੁੱਲ ਸਟਰੀਟ ਲਾਈਟ ਦੇ 34 ਪੋਲ ਹਨ। ਇੰਨ੍ਹਾਂ ਤੇ 34 ਸੋਡੀਅਮ 150 ਵਾਟ ਲਾਈਟਾਂ, 22 ਪੋਲ ਜਿੰਨ੍ਹਾਂ ਤੇ ਗਲੋਬ (200 ਵਾਟ ਐਲ.ਈ.ਡੀ. ਬਲੱਬ) ਲੱਗੇ ਹਨ। ਇਹ ਸਾਰੀਆਂ ਲਾਈਟਾਂ ਕੁਨੈਕਸ਼ਨ ਨੰਬਰ 3003009778 ਤੋਂ ਚਲਦੀਆਂ ਹਨ ਅਤੇ ਸਾਰੀਆ ਲਾਈਟਾਂ ਚਾਲੂ ਹਾਲਤ ਵਿੱਚ ਹਨ।

2. ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਦੇ ਪੱਤਰ ਨੰਬਰ 97 ਮਿਤੀ 09.01.2018 ਅਨੁਸਾਰ ਗਰੀਨ ਸਿਟੀ ਬਠਿੰਡਾ ਦਾ ਵਾਟਰ ਸਪਲਾਈ ਅਤੇ ਸੀਵਰੇਜ਼ ਸਿਸਟਮ ਚੈਕ ਕੀਤਾ ਗਿਆ ਹੈ, ਜੋ ਕਿ ਠੀਕ ਪਾਇਆ ਗਿਆ ਹੈ। ਇਸ ਕਲੋਨੀ ਦਾ ਵਾਟਰ ਸਪਲਾਈ ਅਤੇ ਸੀਵਰੇਜ਼ ਸਿਸਟਮ ਜੇਕਰ ਨਗਰ ਨਿਗਮ ਟੇਕ ਓਵਰ ਕਰਦਾ ਹੈ ਤਾਂ ਇਸ ਵਿਭਾਗ ਨੂੰ ਕੋਈ ਇਤਰਾਜ ਨਹੀਂ ਹੈ।
3. ਵਰਕਸ ਸ਼ਾਖਾ ਦੀ ਰਿਪੋਰਟ ਅਨੁਸਾਰ ਇਸ ਕਲੋਨੀ ਦੀਆਂ ਸੜ੍ਹਕਾਂ ਉਪਰ ਪ੍ਰੀਮਿਕਸ ਪਾਈ ਹੋਈ ਹੈ। ਸੜ੍ਹਕਾਂ ਉਪਰ ਮੋਟਰ ਵਹੀਕਲ ਚੱਲਣ ਦੀ ਕੋਈ ਸਮੱਸਿਆ ਨਹੀਂ ਹੈ। ਕਲੋਨਾਈਜ਼ਰ ਦਾ ਰੱਖ ਰਖਾਵ ਦਾ 5 ਸਾਲ ਤੋਂ ਵੱਧ ਦਾ ਸਮਾਂ ਬੀਤ ਜਾਣ ਕਾਰਨ ਸੜ੍ਹਕਾਂ ਦਾ ਰੱਖ-ਰਖਾਵ ਆਪਣੇ ਹੱਥਾਂ ਵਿੱਚ ਲਿਆ ਜਾ ਸਕਦਾ ਹੈ।
4. ਬਾਗਬਾਨੀ ਸ਼ਾਖਾ ਵੱਲੋਂ ਰਿਪੋਰਟ ਕੀਤੀ ਹੈ ਕਿ ਕਲੋਨੀ ਵਿੱਚ ਸਾਰੇ ਹੀ ਪਾਰਕਾਂ ਵਿੱਚ ਬਾਗਬਾਨੀ ਦਾ ਕੰਮ ਮੁੱਕਮੰਲ ਹੋ ਚੁੱਕਾ ਹੈ। ਪਾਰਕ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕੇ ਹਨ ਅਤੇ ਟੇਕ ਓਵਰ ਕੀਤੇ ਜਾ ਸਕਦੇ ਹਨ। ਅਗਰ ਨਗਰ ਨਿਗਮ ਇੰਨ੍ਹਾਂ ਪਾਰਕਾਂ ਨੂੰ ਟੇਕ ਓਵਰ ਕਰਦੀ ਹੈ ਤਾਂ ਇਸ ਲਈ ਵੱਖਰੇ ਤੋਰ ਤੇ ਮਾਲੀਆਂ ਦੀ ਜਰੂਰਤ ਪਵੇਗੀ ਤਾਂ ਜੋ ਪਾਰਕਾਂ ਦੀ ਸਾਂਭ ਸੰਭਾਲ ਹੋ ਸਕੇ।

ਸਟਰੀਟ ਲਾਈਟ ਸ਼ਾਖਾ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਵਰਕਸ ਸ਼ਾਖਾ ਅਤੇ ਬਾਗਬਾਨੀ ਸ਼ਾਖਾ ਵੱਲੋਂ ਕੀਤੀਆਂ ਗਈਆਂ ਰਿਪੋਰਟਾਂ ਅਨੁਸਾਰ ਸਬ-ਕਮੇਟੀ ਵੱਲੋਂ ਵਿਚਾਰਿਆ ਗਿਆ ਅਤੇ ਸਰਬ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਗਰੀਨ ਸਿਟੀ ਕਲੋਨੀ ਦੀਆਂ ਸੜ੍ਹਕਾਂ, ਪਾਰਕਾਂ, ਵਾਟਰ ਸਪਲਾਈ ਅਤੇ ਸੀਵਰੇਜ਼ ਅਤੇ ਸਟਰੀਟ ਲਾਈਟ ਦੀ ਸਾਂਭ-ਸੰਭਾਲ ਦਾ ਕੰਮ ਟੇਕ ਓਵਰ ਕੀਤਾ ਜਾਣਾ ਯੋਗ ਹੈ। ਟੇਕ ਓਵਰ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਸਟਰੀਟ ਲਾਈਟ ਦੀ ਬਿਜਲੀ ਦੇ ਕੁਨੈਕਸ਼ਨ ਦੇ ਬਿੱਲ ਕਲੋਨਾਈਜ਼ਰ ਵੱਲੋਂ ਜਮ੍ਹਾਂ ਕਰਵਾਏ ਜਾਣਗੇ। ਇਸ ਉਪਰੰਤ ਬਿੱਲ ਨਗਰ ਨਿਗਮ ਵੱਲੋਂ ਜਮਾਂ ਕਰਵਾਏ ਜਾਣਗੇ।

ਸੋ, ਉਕਤ ਅਨੁਸਾਰ ਗਰੀਨ ਸਿਟੀ ਕਲੋਨੀ (9.85 ਏਕੜ) ਦੇ ਓਪਨ ਸਪੇਸਜ਼ ਅਤੇ ਸੜ੍ਹਕਾਂ ਰਜਿਸਟਰੀ ਰਾਹੀਂ ਨਗਰ ਨਿਗਮ ਦੇ ਨਾਮ ਹੋ ਚੁੱਕੀਆਂ ਹਨ ਅਤੇ ਇਸ ਦੇ EDC ਨਿਗਮ ਨੂੰ ਟਰਾਂਸਫਰ ਕਰਨ ਲਈ ਪੁੱਡਾ/ ਬੀ.ਡੀ.ਏ ਨੂੰ ਪੱਤਰ ਲਿਖਿਆ ਜਾ ਚੁੱਕਾ ਹੈ। ਇਸ ਲਈ ਗਰੀਨ ਸਿਟੀ ਕਲੋਨੀ ਬਠਿੰਡਾ ਨੂੰ ਨਗਰ ਨਿਗਮ ਵੱਲੋਂ ਟੇਕ ਓਵਰ ਕਰਨਾ ਯੋਗ ਹੋਵੇਗਾ। ਇਸ ਲਈ ਗਰੀਨ ਸਿਟੀ ਕਲੋਨੀ 9.85 ਏਕੜ੍ਹ ਗਰੀਨ ਪੈਲੇਸ ਰੋਡ, ਬਠਿੰਡਾ ਨੂੰ ਨਗਰ ਨਿਗਮ ਬਠਿੰਡਾ ਨੂੰ ਹੈਂਡ ਓਵਰ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 98 : ਪੈਡਿੰਗ ਰੱਖਿਆ ਜਾਂਦਾ ਹੈ।**

**ਏਜੰਡਾ ਨੰਬਰ: 20**

ਰਿਪੋਰਟ ਵਰਕਸ ਸਾਖਾ ਕਿ ਨਗਰ ਵੱਲੋਂ ਆਪਣੇ ਪੱਤਰ ਨੰਬਰ 298 ਮਿਤੀ 19.01.2018 ਰਾਹੀਂ ਗੁਰੁ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ ਨੂੰ ਡੀ.ਏ.ਵੀ. ਕਾਲਜ ਦੇ ਪਿੱਛੇ ਸਥਿਤ ਟੋਭੇ ਦੀ ਸਲੱਸ (ਗਾਰ) ਦਾ ਸਰਵੇ ਕਰਨ ਲਈ ਲਿਖਿਆ ਗਿਆ ਸੀ। ਇਸ ਦੇ ਸਬੰਧ ਵਿੱਚ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵੱਲੋਂ ਪੱਤਰ ਨੰਬਰ GNDEC/TCC/D/120 ਮਿਤੀ 09.02.2018 ਰਾਹੀਂ ਇਸ ਕੰਮ ਨੂੰ ਕਰਨ ਲਈ ਮੁਬਲਿਗ 159300/- ਰੁਪਏ ਦੇ ਖਰਚੇ ਦੀ ਮੰਗ ਕੀਤੀ ਹੈ। ਇਸ ਸਬੰਧੀ ਰਿਪੋਰਟ ਹੈ ਕਿ As technical sanction for the project is to be taken from Chief Engineer, Local Govt. Department. They have advised us to get the quantity of slush estimated from Guru Nanak Dev Engineering College. On request quotation has been received from GNE Ludhiana amounting to Rs. 159300/-. Further quotation of GNE Ludhiana may also be accepted.

ਉਕਤ ਅਨੁਸਾਰ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ ਨੂੰ ਅਦਾਇਗੀ ਕਰਨ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।

**ਮਤਾ ਨੰਬਰ 99 : ਪ੍ਰਵਾਨ ਹੈ।**

**ਏਜੰਡਾ ਨੰਬਰ: 21**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਦੇ ਕੇਸਾਂ ਲਈ ਬਣਾਈ ਸਬ-ਕਮੇਟੀ ਦੀ ਮੀਟਿੰਗ ਮਿਤੀ 17.01.2018 ਨੂੰ ਦੁਪਹਿਰ 3.30 ਵਜੇ ਦਫਤਰ ਨਗਰ ਨਿਗਮ ਵਿਖੇ ਹੋਈ। ਮੀਟਿੰਗ ਵਿੱਚ ਸਬ-ਕਮੇਟੀ ਦੇ ਮੈਂਬਰ ਸਾਹਿਬਾਨ ਵੱਲੋਂ ਹੇਠ ਲਿਖੇ ਅਨੁਸਾਰ ਕੇਸਾਂ ਤੇ ਫੈਸਲਾ ਲਿਆ ਗਿਆ :-

**ਕਾਰਵਾਈ - ਸਬ-ਕਮੇਟੀ ਦੀ ਮੀਟਿੰਗ ਮਿਤੀ 17.01.2018 ਨੂੰ ਦੁਪਹਿਰ 3.30 ਵਜੇ**

1

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਸੁਰੇਸ਼ ਚੰਦਰਾ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਬੇਲਦਾਰ ਕੰਮ ਕਰਦਾ ਸੀ। ਇਸਦੀ ਸੇਵਾ ਦੌਰਾਨ ਮਿਤੀ 06-04-2017 ਨੂੰ ਮੌਤ ਹੋ ਗਈ ਸੀ। ਉਸਦੀ ਪਤਨੀ ਸ਼੍ਰੀਮਤੀ ਸਰੋਜ ਰਾਣੀ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਦੇ ਪਤੀ ਸ਼੍ਰੀ ਸੁਰੇਸ਼ ਚੰਦਰਾ ਦੀ ਮੌਤ ਤੋਂ ਬਾਦ ਉਸਦੀ ਲੜਕੀ ਮਿਸ ਪ੍ਰਿਤੀ ਨੂੰ ਤਰਸ ਦੇ ਆਧਾਰ ਤੇ ਨੌਕਰੀ ਦਿਤੀ ਜਾਵੇ।ਸ਼੍ਰੀਮਤੀ ਸਰੋਜ ਰਾਣੀ ਵਲੋਂ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿਚ ਉਸ ਤੋਂ ਇਲਾਵਾ ਉਸਦੀ ਤਿੰਨ ਲੜਕੀਆਂ ਹਨ। ਇਸ ਤੋਂ ਇਲਾਵਾ ਪਰਿਵਾਰ ਵਿਚ ਹੋਰ ਕੋਈ ਮੈਂਬਰ

ਨਹੀਂ ਹੈ ਅਤੇ ਨਾ ਹੀ ਕੋਈ ਝਗੜਾ ਹੈ। ਮਿਸ ਪ੍ਰਿਤੀ ਪੁੱਤਰੀ ਸ਼੍ਰੀ ਸੁਰੇਸ਼ ਚੰਦਰਾ ਨੇ ਦਰਖਾਸਤ ਦਿੱਤੀ ਹੈ ਕਿ ਉਸ ਪਾਸ ਰੋਜ਼ਗਾਰ ਦਾ ਕੋਈ ਸਾਧਨ ਨਹੀਂ ਹੈ। ਇਸ ਲਈ ਤਰਸ ਦੇ ਆਧਾਰ ਤੇ ਉਸਨੂੰ ਯੋਗਤਾ ਅਨੁਸਾਰ ਨੌਕਰੀ ਦਿੱਤੀ ਜਾਵੇ। ਮ੍ਰਿਤਕ ਦੀ ਪਤਨੀ ਸ਼੍ਰੀਮਤੀ ਸਰੋਜ ਰਾਣੀ ਨੇ ਹਲਫਿਆ ਬਿਆਨ ਦਿੱਤਾ ਹੈ ਕਿ ਉਹਨਾਂ ਪਾਸ ਇਕ ਮਕਾਨ ਹੈ ਜਿਸ ਵਿਚ ਉਹਨਾਂ ਦੀ ਖੁਦ ਦੀ ਰਿਹਾਇਸ਼ ਹੈ ਅਤੇ ਉਸ ਤੋਂ ਕੋਈ ਆਮਦਨ ਨਹੀਂ ਹੈ। ਇਸ ਤੋਂ ਇਲਾਵਾ ਪਰਿਵਾਰ ਵਿਚ ਕਿਸੇ ਪਾਸ ਰੋਜ਼ਗਾਰ ਦਾ ਕੋਈ ਸਾਧਨ ਨਹੀਂ ਹੈ। ਹਲਫਿਆ ਬਿਆਨ ਅਨੁਸਾਰ ਉਸ ਪਾਸ ਕੋਈ ਚਲ ਅਚੱਲ ਸੰਪਤੀ ਨਹੀਂ ਹੈ। ਜੋ ਪੈਸਾ ਉਸਨੂੰ ਜੀ.ਪੀ.ਐਫ., ਗਰੈਚੂਟੀ ਆਦਿ ਦੇ ਰੂਪ ਵਿਚ ਮਿਲਿਆ ਸੀ ਉਹ ਸ਼੍ਰੀ ਸੁਰੇਸ਼ ਚੰਦਰਾ ਦੀ ਬੀਮਾਰੀ ਕਾਰਨ ਲਏ ਹੋਏ ਕਰਜ਼ੇ ਨੂੰ ਵਾਪਸ ਮੋੜਨ ਵਿਚ ਖਰਚ ਹੋ ਗਿਆ ਹੈ। ਸ਼੍ਰੀਮਤੀ ਸਰੋਜ ਰਾਣੀ ਨੇ ਹਲਫਿਆ ਬਿਆਨ ਦਿੱਤਾ ਹੈ ਕਿ ਉਸਦੀ ਲੜਕੀ ਮਿਸ ਪ੍ਰਿਤੀ ਨੂੰ ਨੌਕਰੀ ਦੇਣ ਤੇ ਉਹਨਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਮਿਸ ਪ੍ਰਿੱਤੀ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਦੀ ਵਿਦਿਅਕ ਯੋਗਤਾ ਬੀ.ਕਾਮ ਹੈ। ਇਸ ਤਰ੍ਹਾਂ ਉਹ ਕਲਰਕ ਦੀ ਆਸਾਮੀ ਦੀ ਯੋਗਤਾ ਪੂਰੀ ਕਰਦੀ ਹੈ। ਉਸ ਨੂੰ ਤਰਸ ਦੇ ਆਧਾਰ ਤੇ ਕਲਰਕ ਦੀ ਆਸਾਮੀ ਤੇ ਲਗਾਇਆ ਜਾਵੇ। ਪੇਸ਼ ਕੀਤੇ ਦਸਤਾਵੇਜ਼ਾਂ ਅਨੁਸਾਰ ਉਮੀਦਵਾਰ ਮਿਸ ਪ੍ਰਿਤੀ ਨੇ Punjabi University, Patiala ਤੋਂ B.Com ਦੀ ਡਿਗਰੀ ਹਾਸਲ ਕੀਤੀ ਹੈ। ਉਸਦੀ ਜਨਮ ਮਿਤੀ 14-01-1997 ਹੈ। ਨਿਯਮਾਂ ਅਨੁਸਾਰ ਕਲਰਕ ਦੀ ਆਸਾਮੀ ਤੇ ਸਿੱਧੀ ਭਰਤੀ ਲਈ ਘੱਟੋ ਘੱਟ ਯੋਗਤਾ graduation ਅਤੇ ਕੰਪਿਊਟਰ ਵਿਚ 120 ਘੰਟੇ ਦਾ ਡਿਪਲੋਮਾ ਹੋਣਾ ਚਾਹੀਦਾ ਹੈ।

ਸ਼੍ਰੀ ਸੁਰੇਸ਼ ਚੰਦਰਾ ਬਤੌਰ ਬੇਲਦਾਰ ਕੰਮ ਕਰਦਾ ਸੀ। ਉਸਦੀ ਲੜਕੀ ਨੇ ਤਰਸ ਦੇ ਆਧਾਰ ਤੇ ਕਲਰਕ ਦੀ ਆਸਾਮੀ ਦੀ ਮੰਗ ਕੀਤੀ ਹੈ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਦੀਆਂ ਹਦਾਇਤਾਂ ਮਿਤੀ 21-11-2002 ਵਿਚ ਪੈਰਾ ਨੰ: 17-ਬੀ ਅਨੁਸਾਰ ਦਰਜ਼ਾ-4 ਕਰਮਚਾਰੀ ਦੇ ਆਸ਼ਰਿਤ/ ਵਾਰਸ ਨੂੰ ਤਰਸ ਦੇ ਆਧਾਰ ਤੇ ਦਰਜ਼ਾ-3 ਦੀ ਆਸਾਮੀ ਤੇ ਲਗਾਇਆ ਜਾ ਸਕਦਾ ਹੈ। ਉਮੀਦਵਾਰ ਕਰਲਕ ਦੀ ਆਸਾਮੀ ਦੀਆਂ ਯੋਗਤਾਵਾਂ ਪੂਰੀਆਂ ਕਰਦੀ ਹੈ।ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰ: 11/94/2002/4ਪੀਪੀ-11/650 ਮਿਤੀ 12-01-2004 ਅਤੇ ਪੱਤਰ ਨੰ: 11/94/2002-4 ਪੀਪੀ-11/8403 ਮਿਤੀ 02-04-2004 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਫਿਟ ਕੇਸ ਜਾਪਦਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: 2/65/2003-ਸਸ1/9653 ਮਿਤੀ 12/14-06-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਆਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਿਗਮ ਪਾਸ ਹੈ। ਸੋ ਮਿਸ ਪ੍ਰਿਤੀ ਪੁੱਤਰੀ ਸ਼੍ਰੀ ਸੁਰੇਸ਼ ਚੰਦਰਾ ਨੂੰ ਤਰਸ ਦੇ ਆਧਾਰ ਤੇ ਕਲਰਕ ਦੀ ਆਸਾਮੀ ਤੇ ਨਿਯੁਕਤ ਸਬੰਧੀ ਕੇਸ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਇਸ ਬਾਰੇ ਕਾਨੂੰਨੀ ਸਲਾਹਕਾਰ ਦੀ ਰਾਏ ਲਈ ਜਾਵੇ ਕਿ ਦਰਜ਼ਾ ਚਾਰ ਕਰਮਚਾਰੀ ਦੇ ਵਾਰਸ/ਨਿਰਭਰ ਨੂੰ ਦਰਜਾ ਤਿੰਨ ਦੀ ਨੋਕਰੀ ਦਿੱਤੀ ਜਾ ਸਕਦੀ ਹੈ ਅਤੇ ਕੀ ਉਕਤ ਉਮੀਦਵਾਰ ਕਲੱਰਕ ਦੀਆਂ ਸਾਰੀਆਂ ਯੋਗਤਾਵਾਂ ਪੂਰੀਆਂ ਕਰਦਾ ਹੈ। ਇਸ ਸਬੰਧੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨਗਰ ਨਿਗਮ ਬਠਿੰਡਾ ਦੀ ਵੀ ਰਿਪੋਰਟ ਪੇਸ਼ ਕੀਤੀ ਜਾਵੇ।** |

2

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀਮਤੀ ਮਾਇਆ ਪਤਨੀ ਸ਼੍ਰੀ ਮੱਖਣ ਲਾਲ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 26.02.2017 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰਨ ਦੇ ਪੁੱਤਰ ਸ਼੍ਰੀ ਹਰੀ ਦਿਆਲ ਪੁੱਤਰ ਸ਼੍ਰੀ ਮੱਖਣ ਲਾਲ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਹਰੀ ਦਿਆਲ ਪੁੱਤਰ ਮੱਖਣ ਲਾਲ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਅਤੇ ਮਾਨਯੋਗ ਤਹਿਸੀਲਦਾਰ, ਬਠਿੰਡਾ ਜੀ ਵੱਲੋਂ ਤਸਦੀਕ ਵਾਰਸ ਸਰਟੀਫਿਕੇਟ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਤੋਂ ਇਲਾਵਾ ਉਸ ਦੀਆਂ ਚਾਰ ਭੈਣਾ ਉਮਾ ਰਾਣੀ, ਸੰਤੋਸ਼ ਦੇਵੀ, ਸੁਮਨ, ਸੁਨੀਤਾ ਅਤੇ ਇਕ ਭਰਾ ਵਿਜੈ ਕੁਮਾਰ ਹਨ। ਜਿਨ੍ਹਾਂ ਨੇ ਸ਼੍ਰੀ ਹਰੀ ਦਿਆਲ ਦੇ ਹਕ ਵਿਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ ਤਾਂ ਉਹਨਾਂ ਨੂੰ ਕੋਈ ਇਤਰਾਜ ਨਹੀਂ ਹੋਵੇਗਾ। ਹਲਫੀਆ ਬਿਆਨ ਅਨੁਸਾਰ ਸ਼੍ਰੀ ਹਰੀ ਦਿਆਲ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ, ਉਹ ਦਸਵੀਂ ਜਮਾਤ ਪਾਸ ਹੈ ਅਤੇ ਪੜ੍ਹਾਈ ਦੇ ਸਰਟੀਫਿਕੇਟ ਉਸਦੀ ਜਨਮ ਮਿਤੀ 10.08.1988 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਦਫਤਰੀ ਰਿਪੋਰਟ ਅਨੁਸਾਰ ਮ੍ਰਿਤਕਾ ਮਾਇਆ ਦੇ ਪਤੀ ਸ਼੍ਰੀ ਮੱਖਣ ਲਾਲ ਦੀ ਮੋਤ ਸਰਟੀਫਿਕੇਟ ਅਨੁਸਾਰ ਮਿਤੀ 06.02.2009 ਨੂੰ ਹੋ ਚੁੱਕੀ ਹੈ। ਇਸ ਲਈ ਸ਼੍ਰੀ ਹਰੀ ਦਿਆਲ ਨੂੰ ਉਸਦੀ ਮਾਤਾ ਸਵ: ਮਾਇਆ ਪਤਨੀ ਸ਼੍ਰੀ ਮੱਖਣ ਲਾਲ, ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸੇਵਾਦਾਰ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਉਮੀਦਵਾਰ ਵੱਲੋਂ ਪੇਸ਼ ਕੀਤਾ ਦਸਵੀਂ ਜਮਾਤ ਦਾ ਸਰਟੀਫਿਕੇਟ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਸਿੱਖਿਆ ਵਿਭਾਗ ਪਾਸੋਂ ਵੈਰੀਫਾਈ ਕਰਵਾਇਆ ਜਾਵੇ। ਉਮੀਦਵਾਰ ਦੇ ਵਾਰਸਾਂ ਸਬੰਧੀ ਪੇਸ਼ ਕੀਤੇ ਹਲਫੀਆ ਬਿਆਨ ਨਿਗਮ ਦੇ ਚੀਫ ਸੈਨਟਰੀ ਇੰਸਪੈਕਟਰ, ਸ਼੍ਰੀ ਸਤੀਸ਼ ਕੁਮਾਰ ਵੱਲੋਂ ਚੈਕ ਕਰਨ ਉਪਰੰਤ ਰਿਪੋਰਟ ਕਰਨਗੇ। ਵਿਦਿਅਕ ਯੋਗਤਾ ਦੇ ਸਰਟੀਫਿਕੇਟ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)** |

| | |
|---|---|
| | **ਅਤੇ ਦਫਤਰ ਸੁਪਰਡੈਂਟ ਵੱਲੋਂ ਚੈਕ ਕੀਤੇ ਜਾਣ।** |

3

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀਮਤੀ ਗੁਡੋ ਪਤਨੀ ਰਾਮ ਕਿਸ਼ਨ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 01.02.2017 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰਨ ਦੇ ਪੁੱਤਰ ਸ਼੍ਰੀ ਸੰਕਰ ਪੁੱਤਰ ਰਾਮ ਕਿਸ਼ਨ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਸ਼ੰਕਰ ਪੁੱਤਰ ਰਾਮ ਕਿਸ਼ਨ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਇਕ ਭੈਣ ਮਮਤਾ ਅਤੇ ਇਕ ਭਰਾ ਸਿਕੰਦਰ ਹੈ। ਜਿਨ੍ਹਾਂ ਨੇ ਸ਼੍ਰੀ ਸ਼ੰਕਰ ਦੇ ਹਕ ਵਿਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਸ਼ੰਕਰ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਸ਼ੰਕਰ ਪੜਨਾ ਲਿਖਣਾ ਜਾਣਦਾ ਹੈ ਅਤੇ ਹਲਫੀਆ ਬਿਆਨ ਅਨੁਸਾਰ ਉਸਦੀ ਜਨਮ ਮਿਤੀ 01.01.1981 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਸਿਹਤ ਸ਼ਾਖਾ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਪ੍ਰਾਰਥੀ ਦੇ ਹਲੀਆ ਬਿਆਨ ਅਨੁਸਾਰ ਸਵ: ਸ਼੍ਰੀਮਤੀ ਗੁੱਡੋ ਦੇ ਪਤੀ ਸ਼੍ਰੀ ਰਾਮ ਕਿਸ਼ਨ ਦੀ ਮੋਤ ਪਹਿਲਾਂ ਹੀ ਹੋ ਚੁੱਕੀ ਹੈ। ਇਹ ਵੀ ਰਿਪੋਰਟ ਕੀਤੀ ਗਈ ਹੈ ਕਿ ਕੇਸ ਅਤੇ ਫਾਇਲ ਦੇਖੇ ਗਏ। ਇਹ ਕੇਸ ਤਰਸ ਦੇ ਆਧਾਰ ਤੇ ਨੋਕਰੀ ਲਈ ਫਿੱਟ ਜਾਪਦਾ ਹੈ। ਇਸ ਲਈ ਸ਼੍ਰੀ ਸ਼ੰਕਰ ਨੂੰ ਉਸਦੀ ਮਾਤਾ ਸਵ: ਗੁਡੋ ਪਤਨੀ ਸ਼੍ਰੀ ਰਾਮ ਕਿਸ਼ਨ, ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਲਈ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਉਮੀਦਵਾਰ ਦੇ ਵਾਰਸਾਂ ਸਬੰਧੀ ਪੇਸ਼ ਕੀਤੇ ਹਲਫੀਆ ਬਿਆਨ ਨਿਗਮ ਦੇ ਚੀਫ ਸੈਨਟਰੀ ਇੰਸਪੈਕਟਰ, ਸ਼੍ਰੀ ਸਤੀਸ਼ ਕੁਮਾਰ ਵੱਲੋਂ ਚੈਕ ਕਰਨ ਉਪਰੰਤ ਰਿਪੋਰਟ ਕਰਨਗੇ ਅਤੇ ਇਹ ਵੀ ਤਸਦੀਕ ਕਰਨਗੇ ਕਿ ਉਮੀਦਵਾਰ ਹੀ ਤਰਸ ਦੇ ਆਧਾਰ ਤੇ ਪਹਿਲੀ ਵਾਰ ਨੌਕਰੀ ਲਈ ਅਪਲਾਈ ਕਰ ਰਿਹਾ ਹੈ ਅਤੇ ਇਸ ਕੇਸ ਵਿੱਚ ਪਹਿਲਾਂ ਕਿਸੇ ਵੀ ਪਰਿਵਾਰ ਦੇ ਮੈਂਬਰ ਨੇ ਕੋਈ ਲਾਭ ਨਹੀਂ ਲਿਆ** |

4

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਰਾਜੇਸ਼ ਕੁਮਾਰ, ਸਫਾਈ ਮੇਟ ਨੇ ਆਪਣੀ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਮਿਤੀ 27.05.2015 ਨੂੰ ਬਤੌਰ ਸੈਨਟਰੀ ਮੇਟ ਦੀ ਪ੍ਰਮੋਸ਼ਨ ਦਿੱਤੀ ਗਈ ਸੀ ਅਤੇ ਪਰਖਕਾਲ ਸਮਾਂ ਇਕ ਸਾਲ ਦਾ ਰੱਖਿਆ ਗਿਆ ਸੀ ਜੋ ਹੁਣ ਉਸਦਾ ਪਰਖਕਾਲ ਸਮਾਂ ਮਿਤੀ 27.05.2016 ਨੂੰ ਪੂਰਾ ਹੋ ਚੁੱਕਿਆ ਹੈ।ਇਸ ਸਬੰਧੀ ਸੈਨਟਰੀ ਇੰਸਪੈਕਟਰ ਨੇ ਰਿਪੋਰਟ ਕੀਤੀ ਹੈ ਕਿ ਸ਼੍ਰੀ ਰਾਜੇਸ਼ ਕੁਮਾਰ, ਸਫਾਈ ਮੇਟ, ਜ਼ੋਨ ਨੰ: 2, ਨਗਰ ਨਿਗਮ ਬਠਿੰਡਾ ਦੇ ਅਧੀਨ ਕੰਮ ਕਰ ਰਿਹਾ ਹੈ। ਇਸ ਕਰਮਚਾਰੀ ਦਾ ਕੰਮ ਤੇ ਆਚਰਨ ਤਸੱਲੀ ਬਖਸ਼ ਹੈ। ਉਪਰੋਕਤ ਸਮੇਂ ਦੋਰਾਨ ਇਸ ਕਰਮਚਾਰੀ ਦੀ ਕੰਮ ਪ੍ਰਤੀ ਕੋਈ ਸ਼ਿਕਾਇਤ ਨਹੀਂ ਹੈ। ਰਿਪੋਰਟ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

5

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਬਿਕਰਮਜੀਤ ਸਿੰਘ ਪੁੱਤਰ ਸ਼੍ਰੀ ਬਲਵਿੰਦਰ ਸਿੰਘ ਵਾਸੀ ਪਿੰਡ ਚਮਾਰਹੇੜੀ ਡਾਕ: ਖੇੜੀ ਮੰਡਲਾ ਤਹਿ: ਵ ਜਿਲ੍ਹਾ ਪਟਿਆਲਾ ਦੀ ਨਿਯੁਕਤੀ ਹੈਂਡੀਕੈਪਟ ਕੋਟੇ (ਗੂੰਗੇ ਬੋਲੇ) ਅਧੀਨ ਦਫਤਰੀ ਹੁਕਮ ਨੰ: 214 ਮਿਤੀ 23.12.2017 ਰਾਹੀਂ ਬਤੋਰ ਸਫਾਈ ਸੇਵਕ, ਨਗਰ ਨਿਗਮ, ਬਠਿੰਡਾ ਵਿਖੇ ਹੋਈ ਸੀ। ਹੁਣ ਕਰਮਚਾਰੀ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਘਰੇਲੂ ਹਾਲਾਤ ਠੀਕ ਨਾ ਹੋਣ ਕਾਰਣ ਆਪਣੀ ਨੋਕਰੀ ਜਾਰੀ ਨਹੀਂ ਰੱਖ ਸਕਦਾ ਅਤੇ ਮਿਤੀ 07.09.2017 ਨੂੰ ਇਕ ਮਹੀਨੇ ਦੀ ਐਡਵਾਂਸ ਤਨਖਾਹ ਜਮ੍ਹਾ ਕਰਵਾ ਕੇ ਨੋਕਰੀ ਤੋਂ ਅਸਤੀਫਾ ਦੇ ਰਿਹਾ ਹਾਂ। ਇਸ ਦੇ ਨਾਲ ਹੀ ਕਰਮਚਾਰੀ ਨੇ ਸਵੈ-ਘੋਸ਼ਣਾ ਪੱਤਰ ਰਾਹੀਂ ਘੋਸ਼ਣਾ ਕੀਤੀ ਹੈ ਕਿ ਉਹ ਆਪਣੀ ਹੋਸ਼ੋ ਹਵਾਸ ਅਤੇ ਪੂਰੀ ਬੁੱਧ-ਸੁੱਧ ਨਾਲ ਬਿਨਾਂ ਕਿਸੇ ਡਰ ਅਤੇ ਦਬਾਅ ਤੋਂ ਆਪਣੀ ਅਜਾਦ ਮਰਜੀ ਨਾਲ ਅਸਤੀਫਾ ਦੇ ਰਿਹਾ ਹੈ ਅਤੇ ਭੱਵਿਖ ਵਿਚ ਉਹ ਨਗਰ ਨਿਗਮ ਬਠਿੰਡਾ ਉਪਰ ਇਸ ਸਬੰਧੀ ਕੋਈ ਕਲੇਮ ਨਹੀਂ ਕਰੇਗਾ।

ਕਰਮਚਾਰੀ ਵੱਲੋਂ ਜੀ-8 ਨੰ: 80/434 ਮਿਤੀ 07.09.2017 ਰਾਹੀਂ ਇਕ ਮਹੀਨੇ ਦੀ ਐਡਵਾਂਸ ਤਨਖਾਹ ਡੀ.ਸੀ ਰੇਟਾਂ ਮੁਤਾਬਿਕ 7570/- ਰੁਪਏ ਜਮ੍ਹਾ ਕਰਵਾ ਦਿੱਤੀ ਹੈ। ਸੋ ਅਸਤੀਫਾ ਪ੍ਰਵਾਨ ਕਰਨ ਹਿੱਤ ਅਗਲੇਰੀ ਲੋੜੀਂਦੀ ਕਾਰਵਾਈ ਲਈ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

6

ਰਿਪੋਰਟ ਲੇਖਾ ਸ਼ਾਖਾ ਕਿ ਬਬਲੀ ਪਤਨੀ ਸ਼੍ਰੀ ਚਰਨਜੀਤ ਸਫਾਈ ਸੇਵਿਕਾ ਨੂੰ ਦਫਤਰੀ ਹੁਕਮ 52 ਮਿਤੀ 25.03.2011 ਰਾਹੀਂ ਸਫਾਈ ਸੇਵਿਕਾ ਨਿਯੁੱਕਤ ਕੀਤਾ ਗਿਆ ਸੀ। ਉਸ ਵੱਲੋਂ ਮਿਤੀ 30.03.2011 ਰਾਹੀਂ ਪੇਸ਼ ਕੀਤੇ Medical Examination Fitness Certificate ਵਿਚ ਡਾਕਟਰ ਵੱਲੋਂ ਉਸਦੀ ਉਮਰ 37 ਸਾਲ ਦੀ ਬਜਾਏ 46 ਸਾਲ ਜਾਪਦੀ ਲਿਖ ਦਿੱਤਾ ਗਿਆ ਹੈ। ਜਦਕਿ ਬਬਲੀ ਪਤਨੀ ਚਰਨਜੀਤ ਵੱਲੋਂ ਪੇਸ਼ ਕੀਤੇ ਹਲਫੀਆ ਬਿਆਨ, ਚੋਂਣ ਕਮਿਸ਼ਨ ਦਾ ਸ਼ਨਾਖਤੀ ਕਾਰਡ, ਰਾਸ਼ਨ ਕਾਰਡ ਆਦਿ ਅਨੁਸਾਰ ਉਸਦੀ ਜਨਮ ਮਿਤੀ 01.01.1974 ਬਣਦੀ ਹੈ। ਪ੍ਰਾਰਥੀ ਵੱਲੋਂ ਮਿਤੀ 29.04.2011 ਅਤੇ 05.05.2011 ਨੂੰ Medical Examination Fitness Certificate Test ਦੁਬਾਰਾ ਕਰਾਉਣ ਦੀ ਬੇਨਤੀ ਕੀਤੀ ਗਈ ਸੀ। ਇਸ ਉਪਰੰਤ ਨਗਰ ਨਿਗਮ ਵੱਲੋਂ 2122/ਐਚ ਮਿਤੀ 11.05.2011 ਨੂੰ ਸਿਵਲ ਸਰਜ਼ਨ ਬਠਿੰਡਾ ਨੂੰ ਉਮਰ ਦੁਬਾਰਾ ਤਸਦੀਕ ਕਰਨ ਲਈ ਲਿਖਿਆ ਗਿਆ। ਜਿਸ ਤੇ ਬਣਦੀ ਕਾਰਵਾਈ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਪਾਸੋਂ ਕਰਵਾ ਕੇ ਸਿਵਲ ਸਰਜ਼ਨ ਬਠਿੰਡਾ ਵੱਲੋਂ ਪੱਤਰ ਨੰ: ਸਟੈਨੋ/2011/810 ਮਿਤੀ 22.09.2011 ਰਾਹੀਂ ਰਿਪੋਰਟ ਅਨੁਸਾਰ ਸਬੰਧਤ ਕਰਮਚਾਰਨ ਦੀ ਉਮਰ 37 ਸਾਲ ਜਾਪਦੀ ਹੋਣ ਬਾਰੇ ਲਿਖ ਕੇ ਭੇਜਿਆ ਗਿਆ। ਸੋ ਇਸ ਅਨੁਸਾਰ ਕਰਮਚਾਰਨ ਬਬਲੀ ਪਤਨੀ ਸ਼੍ਰੀ ਚਰਨਜੀਤ ਦੀ ਉਮਰ (ਜਨਮ ਮਿਤੀ) ਸਰਵਿਸ ਰਿਕਾਰਡ ਵਿਚ ਦਰੁੱਸਤ ਕਰਨ ਹਿੱਤ ਰਿਪੋਰਟ ਅਗਲੇਰੀ ਕਾਰਵਾਈ ਲਈ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਉਮੀਦਵਾਰ ਵੱਲੋਂ ਪੇਸ਼ ਕੀਤੇ ਉਮਰ ਸਬੰਧੀ ਸਬੂਤ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਅਤੇ ਦਫਤਰ ਸੁਪਰਡੈਂਟ ਪਾਸੋਂ ਚੈਕ ਕਰਨ ਉਪਰੰਤ ਸਾਫ ਤੋਰ ਤੇ ਸਿਫਾਰਸ਼ ਕੀਤੀ ਜਾਵੇ।** |

7

ਦਫਤਰੀ ਰਿਪੋਰਟ ਕਿ ਸ਼੍ਰੀ ਰਮੇਸ਼ ਪੁੱਤਰ ਸ਼੍ਰੀ ਭੀਖੂ ਰਾਮ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸੀਵਰਮੈਨ ਕੰਮ ਕਰਦਾ ਸੀ। ਇਸ ਦੀ ਨੋਕਰੀ ਦੋਰਾਨ ਮਿਤੀ 01.07.2017 ਨੂੰ ਮੋਤ ਹੋ ਗਈ ਸੀ। ਇਸਦੇ ਪੁੱਤਰ ਸ਼੍ਰੀ ਰਾਜਪਾਲ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੋਤ ਤੋਂ ਬਾਅਦ ਤਰਸ ਦੇ ਆਧਾਰ ਤੇ ਦਰਜ਼ਾ ਚਾਰ ਆਸਾਮੀ ਤੇ ਨੋਕਰੀ ਤੇ ਰੱਖਿਆ ਜਾਵੇ। ਸ਼੍ਰੀ ਰਾਜਪਾਲ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀਆਂ ਦੋ ਭੈਣਾਂ ਅਤੇ ਇੱਕ ਭਰਾ ਹੈ ਜੋ ਕਿ ਸ਼ਾਦੀ-ਸ਼ੁਦਾ ਹਨ। ਉਹਨਾਂ ਨੇ ਸ਼੍ਰੀ ਰਾਜਪਾਲ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਉਹਨਾਂ ਦੇ ਭਰਾ ਨੂੰ ਨੋਕਰੀ ਦਿੱਤੇ ਜਾਣ ਤੇ ਕੋਈ ਇਤਰਾਜ ਨਹੀਂ ਹੈ। ਸ਼੍ਰੀ ਰਾਜਪਾਲ ਹੀ ਕੁਆਰਾ ਹੈ। ਇਸ ਤੋਂ ਇਲਾਵਾ ਮ੍ਰਿਤਕ ਦੀ ਮਾਤਾ, ਪਿਤਾ ਅਤੇ ਪਤਨੀ ਦੀ ਪਹਿਲਾਂ ਹੀ ਮੋਤ ਹੋ ਚੁੱਕੀ ਹੈ। ਉਕਤ ਤੋਂ ਇਲਾਵਾ ਮ੍ਰਿਤਕ ਦਾ ਹੋਰ ਕੋਈ ਵਾਰਿਸ ਨਹੀਂ ਹੈ। ਸ਼੍ਰੀ ਰਾਜਪਾਲ ਪਾਸ ਕਮਾਈ ਦਾ ਸਾਧਨ ਨਹੀਂ ਅਤੇ ਹੈਡੀਕੈਪਡ (ਅੰਗਹੀਣ) ਹੈ। ਸ਼੍ਰੀ ਰਾਜਪਾਲ ਵੱਲੋਂ ਦਸਵੀ ਪਾਸ ਦੇ ਸਰਟੀਫਿਕੇਟ ਦੀ ਕਾਪੀ ਪੇਸ਼ ਕੀਤੀ ਹੈ, ਜਿਸ ਵਿੱਚ ਉਸਦੀ ਜਨਮ ਮਿਤੀ 14.01.1992 ਹੈ।

ਪੰਜਾਬ ਮਿਉਂਸਪਲ ਦਰਜ਼ਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸੀਵਰਮੈਨ ਦੀ ਆਸਾਮੀ ਲਈ ਵਿਦਿਅਕ ਯੋਗਤਾ ਮਿਡਲ ਪਾਸ ਹੈ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਪੱਤਰ ਨੰਬਰ 11/94/2002/-4 ਪੀ.ਪੀ.-11/650 ਮਿਤੀ 12.01.2014 ਅਤੇ ਪੱਤਰ ਨੰਬਰ 11/105/98/04 ਪੀ.ਪੀ.-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-ਸਸ/9653 ਮਿਤੀ 12/14.06.2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਆਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਿਗਮ ਪਾਸ ਹੈ। ਇਸ ਲਈ ਸ਼੍ਰੀ ਰਾਜਪਾਲ ਨੂੰ ਉਸਦੇ ਪਿਤਾ ਸ਼੍ਰੀ ਰਮੇਸ਼ ਪੁੱਤਰ ਸ਼੍ਰੀ ਭੀਖੂ ਰਾਮ, ਸੀਵਰਮੈਨ ਦੀ ਮੋਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਤੋਂ ਪਹਿਲਾਂ ਕੇਸ ਸਰਕਾਰ ਦੇ ਜਾਰੀ ਪੱਤਰ ਨੰਬਰ 31/2011/5ਐਫ.ਈ.-1/301 ਮਿਤੀ 21.02.2011 ਦੁਆਰਾ ਸ਼੍ਰੀ ਰਾਜਪਾਲ ਨੋਕਰੀ ਦੇ ਕਾਬਲ ਹੈ ਜਾਂ ਨਹੀਂ ਜਾਨਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਸਰਕਾਰ ਦੇ ਪੱਤਰ ਨੰਬਰ 31/2011/5ਐਫ.ਈ.-1/301 ਮਿਤੀ 21.02.2011 ਦੀ ਕਾਪੀ ਪੇਸ਼ ਕੀਤੀ ਜਾਵੇ ਅਤੇ ਕੀ ਸਰਕਾਰ ਦੀਆਂ ਪੱਤਰ ਵਿੱਚ ਦਰਜ਼ ਹਦਾਇਤਾਂ ਅਨੁਸਾਰ ਉਮੀਦਵਾਰ ਨੋਕਰੀ ਦੇ ਯੋਗ ਹੈ ਜਾਂ ਨਹੀਂ, ਇਸ ਸਬੰਧੀ ਸਪਸ਼ਟ ਤੋਰ ਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਪਾਸੋਂ ਰਿਪੋਰਟ ਕੀਤੀ ਜਾਵੇ। ਇਸਤੋਂ ਇਲਾਵਾ ਵਾਰਸਾਂ ਸਬੰਧੀ ਪੇਸ਼ ਹਲਫੀਆ ਬਿਆਨ ਵੀ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਪਾਸੋਂ ਵੈਰੀਫਾਈ ਕਰਨ ਉਪਰੰਤ ਰਿਪੋਰਟ ਕੀਤੀ ਜਾਵੇ।** |

8

ਰਿਪੋਰਟ ਸਿਹਤ ਸ਼ਾਖਾ ਕਿ ਸ਼੍ਰੀ ਰਾਮ ਲੁਭਾਇਆ, ਸਫਾਈ ਸੇਵਕ ਜੋ ਕਿ ਨਗਰ ਨਿਗਮ ਬਠਿੰਡਾ ਦੇ ਮਤਾ ਨੰਬਰ 102(2) ਮਿਤੀ 14.12.2015 ਅਨੁਸਾਰ ਦਫਤਰੀ ਹੁਕਮ ਨੰਬਰ 92 ਮਿਤੀ 12.05.2017 ਨੂੰ ਅੰਗਹੀਣ ਬੈਕਲਾਗ ਰਾਹੀਂ ਭਰਤੀ ਹੋਇਆ ਹੈ ਅਤੇ ਇਹ ਕਰਮਚਾਰੀ ਮਿਤੀ 25.05.2017 ਨੂੰ ਬਾਅਦ ਦੁਪਹਿਰ ਹਾਜ਼ਰ ਹੋਇਆ ਹੈ। ਇਸ ਨੇ ਦਰਖਾਸਤ ਰਾਹੀਂ ਮਾਨਯੋਗ ਸ੍ਰ: ਨਵਜੋਤ ਸਿੰਘ ਸਿੱਧੂ, ਸਥਾਨਕ ਸਰਕਾਰ ਮੰਤਰੀ, ਪੰਜਾਬ ਸਰਕਾਰ, ਚੰਡੀਗੜ੍ਹ ਜੀ ਪਾਸ ਬੇਨਤੀ ਕੀਤੀ ਹੈ ਕਿ ਉਹ ਪਿੰਡ ਚਣਕੋਈ ਤਹਿ: ਬਲਾਚੋਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਰਹਿਣ ਵਾਲਾ ਹੈ। ਕਰਮਚਾਰੀ ਦੀ ਪੋਸਟਿੰਗ ਰਿਹਾਇਸ਼ ਤੋਂ 250 ਕਿਲੋਮੀਟਰ ਦੀ ਦੂਰੀ ਤੇ ਨਗਰ ਨਿਗਮ ਬਠਿੰਡਾ ਵਿਖੇ

ਹੈ। ਜਿਸ ਕਾਰਨ ਕਰਮਚਾਰੀ ਨੂੰ ਬਹੁਤ ਦਿੱਕਤ ਹੋ ਰਹੀ ਹੈ। ਕਰਮਚਾਰੀ 100 ਫੀਸਦੀ ਦੋਨੋ ਲੱਤਾਂ ਤੋਂ ਅੰਗਹੀਣ ਹੈ। ਕਰਮਚਾਰੀ ਦੇ ਪਰਿਵਾਰ ਵਿੱਚ ਉਸਦੀ ਮਾਤਾ ਅਤੇ ਪਤਨੀ ਹਨ। ਕਰਮਚਾਰੀ ਦੀ ਪਤਨੀ ਵੀ 100 ਫੀਸਦੀ ਅੰਗਹੀਣ ਹੈ ਅਤੇ ਮਾਤਾ ਦੀ ਉਮਰ 75 ਸਾਲ ਦੀ ਹੈ ਜੋ ਬੀਮਾਰ ਰਹਿੰਦੇ ਹਨ। ਇਸ ਤੋਂ ਇਲਾਵਾ ਕਰਮਚਾਰੀ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਹੈ। ਕਰਮਚਾਰੀ ਆਪਣੇ ਘਰ ਤੋਂ ਦੂਰ ਇੱਕਲਾ ਬੜੀ ਮੁਸ਼ਕਿਲ ਅਤੇ ਤਰਸਯੋਗ ਹਾਲਤ ਵਿੱਚ ਰਹਿ ਰਿਹਾ ਹੈ।

ਕਰਮਚਾਰੀ ਦੀ ਪ੍ਰਤੀ ਬੇਨਤੀ ਦੇ ਸਬੰਧ ਵਿੱਚ ਨਗਰ ਨਿਗਮ ਬਠਿੰਡਾ ਨੂੰ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ (ਮਿਉਂਸਪਲ ਸਰਵਿਸ ਸੈਲ) ਜੀ ਦੇ ਪੱਤਰ ਨੰ: ਸ1-ਡਸਸ-ਮਸਸ-2017/51169 ਮਿਤੀ ਚੰਡੀਗੜ੍ਹ 01.09.2017 ਰਾਹੀਂ ਕਰਮਚਾਰੀ ਦੀ ਬਦਲੀ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਕਰਨ ਸਬੰਧੀ ਨਗਰ ਨਿਗਮ ਬਠਿੰਡਾ ਹਾਊਸ ਵੱਲੋਂ ਮਤਾ ਪ੍ਰਵਾਨ ਕਰਕੇ ਭੇਜਣ ਲਈ ਲਿਖਿਆ ਹੈ। ਹਵਾਲਾ ਅਧੀਨ ਪੱਤਰ, ਕਰਮਚਾਰੀ ਦੀ ਪ੍ਰਤੀ ਬੇਨਤੀ ਅਤੇ ਉਸਦੇ ਤਰਸਯੋਗ ਹਾਲਾਤਾਂ ਨੂੰ ਮੁੱਖ ਰਖਦੇ ਹੋਏ ਕੇਸ ਹਾਊਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

9

ਰਿਪੋਰਟ ਸਿਹਤ ਸ਼ਾਖਾ ਕਿ ਤਰਸ ਦੇ ਆਧਾਰ ਤੇ ਲੱਗੇ ਵੱਖ-ਵੱਖ ਹੇਠ ਲਿਖੇ ਸਫਾਈ ਕਰਮਚਾਰੀਆਂ ਦਾ 2 ਸਾਲ ਦਾ ਪਰਖਕਾਲ ਸਮਾਂ ਪੂਰਾ ਹੋ ਚੁੱਕਾ ਹੈ। ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦਾ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕੀਤਾ ਜਾਣਾ ਹੈ:-

| S.No. | Emp. Code | Name, Father/Husband Name Sarv Sh./Smt. | Date of Birth | Date of Joining | Date of Retirement |
|---|---|---|---|---|---|
| 1 | 934 | Savita W/o Pawan Kumar | 18.08.1984 | 20.10.2013 | 31.08.2044 |
| 2 | 935 | Darshna W/o Veer Singh | 01.01.1970 | 20.12.2013 | 31.12.2030 |
| 3 | 936 | Ravi Kumar S/o Tara Chand | 17.07.1994 | 21.03.2014 | 31.07.2054 |
| 4 | 937 | Ajay S/o Bishan Dass | 25.01.1987 | 16.09.2014 | 31.01.2047 |
| 5 | 938 | Roshni W/o Raju | 01.06.1980 | 16.09.2014 | 30.06.2040 |
| 6 | 939 | Neelam W/o Rattan | 09.01.1973 | 16.09.2014 | 31.01.2033 |
| 7 | 940 | Jyoti W/o Raj Kumar | 25.03.1974 | 17.05.2014 | 31.03.2034 |
| 8 | 941 | Manoj S/o Ramesh | 01.01.1990 | 18.09.2014 | 31.12.2050 |
| 9 | 942 | Ramu S/o Bhagat Singh | 01.01.1979 | 13.02.2015 | 31.12.2039 |
| 10 | 943 | Milkh Raj S/o Parkash | 15.10.1984 | 13.02.2015 | 31.10.2044 |
| 11 | 944 | Rajesh S/o Tarsem | 03.10.1994 | 13.02.2015 | 31.10.2054 |
| 12 | 945 | Om Parkash S/o Sham Lal | 17.06.1978 | 20.02.2015 | 30.06.2038 |

ਇਸ ਲਈ ਉਕਤ ਕਰਮਚਾਰੀਆਂ ਦਾ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨ ਤੋਂ ਪਹਿਲਾਂ ਇਹਨਾਂ ਨਾਲ ਸਬੰਧਤ ਸੈਨਟਰੀ ਇੰਸਪੈਕਟਰ/ ਸੁਪਰਵਾਇਜ਼ਰਾਂ ਤੋਂ ਇਹਨਾਂ ਦੇ ਕੰਮ ਕਾਜ਼ ਅਤੇ ਵਿਵਹਾਰ ਬਾਰੇ ਰਿਪੋਰਟ ਲਈ ਗਈ ਹੈ। ਸੈਨਟਰੀ ਇੰਸਪੈਕਟਰਾਂ/ ਸੁਪਰਵਾਇਜ਼ਰਾਂ ਦੀ ਰਿਪੋਰਟ ਅਨੁਸਾਰ ਲੜੀ ਨੰਬਰ 1 ਤੋਂ 12 ਤੱਕ ਸਫਾਈ ਕਰਮਚਾਰੀਆਂ ਦਾ ਕੰਮਕਾਜ਼ ਅਤੇ ਵਿਵਹਾਰ ਤਸੱਲੀਬਖਸ਼ ਹੈ। ਇਹ ਕੇਸ ਪਹਿਲਾਂ ਮਿਤੀ 03.07.2017 ਦੀ ਸਬ-ਕਮੇਟੀ ਦੀ ਮੀਟਿੰਗ ਵਿੱਚ ਪੈਡਿੰਗ ਰੱਖਿਆ ਗਿਆ ਸੀ। ਹੁਣ ਦੁਬਾਰਾ ਇਹ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਇਸ ਬਾਰੇ ਚੀਫ ਸੈਨਟਰੀ ਇੰਸਪੈਕਟਰ, ਨਗਰ ਨਿਗਮ ਬਠਿੰਡਾ ਪਾਸੋਂ ਰਿਪੋਰਟ ਲਈ ਜਾਵੇ ਕਿ ਇਹਨਾਂ ਖਿਲਾਫ ਕੋਈ ਇਨਕੁਆਰੀ ਜਾਂ ਪੜਤਾਲ ਪੈਡਿੰਗ ਤਾਂ ਨਹੀਂ। ਇਸਤੋਂ ਇਲਾਵਾ ਇਹ ਵੀ ਸੂਚਿਤ ਕੀਤਾ ਜਾਵੇ ਕਿ ਇਹਨਾਂ ਦੀ ਨਿਯੁਕਤੀ ਹਾਊਸ ਦੇ ਕਿਸ ਮਤੇ ਰਾਹੀਂ ਕੀਤੀ ਗਈ ਸੀ। ਇਸ ਉਪਰੰਤ ਹਰ ਕਰਮਚਾਰੀ ਦਾ ਕੇਸ ਵੱਖਰੇ-ਵੱਖਰੇ ਤੌਰ ਤੇ ਦੁਬਾਰਾ ਸਬ-ਕਮੇਟੀ ਪਾਸ ਪੇਸ਼ ਕੀਤੇ ਜਾਣ ਅਤੇ ਇਹਨਾਂ ਦੇ ਵਿਵਹਾਰ ਸਬੰਧੀ ਸਬੰਧਤ ਸੈਨਟਰੀ ਇੰਸਪੈਕਟਰ ਪਾਸੋਂ ਰਿਪੋਰਟ ਲੈ ਕੇ ਪੇਸ਼ ਕੀਤੀ ਜਾਵੇ।** |

10

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਮਨਜੀਤ ਸਿੰਘ ਸੇਵਾਦਾਰ ਵੱਲੋਂ ਦਰਖਾਸਤ ਦਿੱਤੀ ਗਈ ਹੈ ਕਿ ਉਸਦੀ ਉਮਰ ਤਕਰੀਬਨ 56 ਸਾਲ ਹੈ। ਉਸਦੀ ਸਿਹਤ ਠੀਕ ਨਹੀਂ ਰਹਿੰਦੀ। ਇਸ ਲਈ ਉਹ ਰਿਟਾਇਰਮੈਂਟ ਲੈਣਾ ਚਾਹੁੰਦਾ ਹੈ। ਰਿਕਾਰਡ ਅਨੁਸਾਰ ਇਸ ਕਰਮਚਾਰੀ ਦੀ ਰਿਟਾਇਰਮੈਂਟ ਮਿਤੀ 31.01.2021 ਹੈ। ਇਸਨੂੰ Punjab Civil Services Premature Retirement Rules 1975 ਅਨੁਸਾਰ ਰਿਟਾਇਰਮੈਂਟ ਦਿੱਤੀ ਜਾ ਸਕਦੀ ਹੈ। ਸ਼੍ਰੀ ਮਨਜੀਤ ਸਿੰਘ ਵੱਲੋਂ 3 ਮਹੀਨੇ ਦਾ ਨੋਟਿਸ ਵੀ ਦਿੱਤਾ ਗਿਆ ਹੈ। ਇਸ ਅਨੁਸਾਰ ਇਸਨੂੰ ਮਿਤੀ 30.11.2017 ਨੂੰ ਰਿਟਾਇਰ ਕੀਤਾ ਜਾ ਸਕਦਾ ਹੈ। ਸ਼੍ਰੀ ਮਨਜੀਤ ਸਿੰਘ ਪੁੱਤਰ ਸ਼੍ਰੀ ਸੁਜਾਨ ਸਿੰਘ ਸੇਵਾਦਾਰ ਵੱਲੋਂ ਹਲਫੀਆ ਬਿਆਨ ਦਿੱਤਾ ਗਿਆ ਹੈ

ਕਿ ਉਹ ਰਿਟਾਇਰਮੈਂਟ ਲੈਣਾ ਚਾਹੁੰਦਾ ਹੈ। ਇਹ ਉਹ ਬਿਨਾਂ ਕਿਸੇ ਦਬਾਅ ਤੋਂ ਕਰ ਰਿਹਾ ਹੈ। ਉਸ ਵਿਰੁੱਧ ਕੋਈ ਵਿਭਾਗੀ ਜਾਂ ਚੋਕਸੀ ਪੜਤਾਲ ਨਹੀਂ ਹੈ। ਉਸ ਵੱਲੋਂ ਹਲਫੀਆ ਬਿਆਨ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਜੇਕਰ ਉਸ ਵੱਲ ਕੋਈ ਬਕਾਇਆਜਾਤ ਨਿਕਲਦਾ ਹੈ ਤਾਂ ਉਹ ਭਰਨ ਲਈ ਜਿੰਮੇਵਾਰ ਹੋਵੇਗਾ। ਸ਼੍ਰੀ ਭੋਲਾ ਸਿੰਘ ਪੁੱਤਰ ਸ਼੍ਰੀ ਸਾਧੂ ਸਿੰਘ, ਕਲੱਰਕ, ਨਗਰ ਨਿਗਮ ਬਠਿੰਡਾ ਨੇ ਹਲਫੀਆ ਬਿਆਨ ਦਿੱਤਾ ਹੈ ਕਿ ਜੇਕਰ ਸ਼੍ਰੀ ਮਨਜੀਤ ਸਿੰਘ ਵੱਲ ਬਾਅਦ ਵਿੱਚ ਕੋਈ ਡਿਊ ਨਿਕਲਦਾ ਹੈ ਤਾਂ ਉਹ ਭਰਨ ਦਾ ਜੰਮੇਵਾਰ ਹੋਵੇਗਾ। ਇਸ ਅਨੁਸਾਰ ਸ਼੍ਰੀ ਮਨਜੀਤ ਸਿੰਘ ਸੇਵਾਦਾਰ ਨੂੰ ਮਿਤੀ 30.11.2017 ਤੋਂ Premature Retirement ਦਿੱਤੀ ਜਾ ਸਕਦੀ ਹੈ।ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪਰੰਤੂ ਕੋਈ ਵੀ ਅਦਾਇਗੀ ਕਰਨ ਤੋਂ ਪਹਿਲਾਂ ਨੋ ਡਿਊ ਸਰਟੀਫਿਕੇਟ ਲੈ ਲਿਆ ਜਾਵੇ।** |

11

ਰਿਪੋਰਟ ਫਾਇਰ ਬ੍ਰਿਗੇਡ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵਿਖੇ 7 ਲੀਡਿੰਗ ਫਾਇਰਮੈਨਾਂ ਦੀਆਂ ਆਸਾਮੀਆਂ ਹਨ। ਇਹਨਾਂ ਵਿੱਚੋ ਸ਼੍ਰੀ ਸੁਖਵਿੰਦਰ ਸਿੰਘ ਅਤੇ ਸ਼੍ਰੀ ਕਰਨੈਲ ਸਿੰਘ ਦੇ ਰਿਟਾਇਰ ਹੋ ਜਾਣ ਕਾਰਨ 2 ਆਸਾਮੀਆਂ ਖਾਲੀ ਹੋ ਗਈਆਂ ਹਨ। ਸੀਨੀਅਰਤਾ ਸੂਚੀ ਅਨੁਸਾਰ ਲੜੀ ਨੰ: 8 ਤੇ ਦਰਜ਼ ਸ਼੍ਰੀ ਹਰਪਾਲ ਸਿੰਘ ਦੀ ਮੋਤ ਹੋ ਗਈ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਮਿਤੀ 04.01.2010 ਅਨੁਸਾਰ ਲੀਡਿੰਗ ਫਾਇਰਮੈਨ ਲਈ 100% ਪ੍ਰਮੋਸ਼ਨ ਕੋਟਾ ਹੈ। ਇਸ ਲਈ ਲੜੀ ਨੰ: 8 ਅਤੇ 10 ਤੇ ਦਰਜ਼ ਸ਼੍ਰੀ ਅਸ਼ਵਨੀ ਕੁਮਾਰ ਅਤੇ ਸ੍ਰੀ ਪ੍ਰਮੋਦ ਕੁਮਾਰ ਨੂੰ ਪਦ ਉੱਨਤ ਕੀਤਾ ਜਾ ਸਕਦਾ ਹੈ। ਇਹਨਾਂ ਦੀਆਂ ਸਲਾਨਾ ਗੁਪਤ ਰਿਪੋਰਟ ਨਾਲ ਨੱਥੀ ਹਨ। ਰਿਕਾਰਡ ਅਨੁਸਾਰ ਇਹਨਾਂ ਖਿਲਾਫ ਕੋਈ ਪ੍ਰਤੀਕੂਲ ਟਿੱਪਣੀ ਦਰਜ਼ ਨਹੀਂ ਹੈ। ਰੂਲਾਂ ਅਨੁਸਾਰ ਪ੍ਰਵਾਨਗੀ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਫਾਇਰ ਬ੍ਰਿਗੇਡ ਦਾ ਸਮੱਰਥ ਅਧਿਕਾਰੀ ਕੇਸ ਚੈਕ ਕਰਕੇ ਸਬ-ਕਮੇਟੀ ਸਾਹਮਣੇ ਵਿਸਥਾਰਪੂਰਵਕ ਰਿਪੋਰਟ ਪੇਸ਼ ਕਰੇ ਅਤੇ ਇਹ ਵੀ ਤਸਦੀਕ ਕਰੇ ਕਿ ਕੀ ਉਮੀਦਵਾਰ ਤਰੱਕੀ ਦੀਆਂ ਸਾਰੀਆਂ ਯੋਗਤਾਵਾਂ ਪੂਰੀਆਂ ਕਰਦੇ ਹਨ।** |

12

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਸ਼੍ਰੀ ਅਮਰਜੀਤ ਸ਼ਰਮਾ, ਜੂਨੀਅਰ ਸਹਾਇਕ ਵੱਲੋਂ ਦਰਖਾਸਤ ਦਿੱਤੀ ਗਈ ਹੈ ਕਿ ਉਹ ਦੂਸਰੇ ਸਾਲ ਦੇ ਵਾਧੇ ਤੇ ਚੱਲ ਰਿਹਾ ਹੈ ਅਤੇ ਹੁਣ ਰਿਟਾਇਰਮੈਂਟ ਲੈਣਾ ਚਾਹੁੰਦਾ ਹੈ। ਰਿਕਾਰਡ ਅਨੁਸਾਰ ਇਸ ਕਰਮਚਾਰੀ ਦੀ ਰਿਟਾਇਰਮੈਂਟ ਦੀ ਮਿਤੀ 30.06.2018 ਨੂੰ ਹੋਣੀ ਹੈ। ਇਸਨੂੰ Punjab Civil Services Premature Retirement Rules 1975 ਅਨੁਸਾਰ ਰਿਟਾਇਰਮੈਂਟ ਦਿੱਤੀ ਜਾ ਸਕਦੀ ਹੈ। ਸ਼੍ਰੀ ਅਮਰਜੀਤ ਸ਼ਰਮਾ ਵੱਲੋਂ 3 ਮਹੀਨੇ ਦਾ ਨੋਟਿਸ ਵੀ ਦਿੱਤਾ ਗਿਆ ਹੈ। ਇਸ ਅਨੁਸਾਰ ਇਸਨੂੰ ਮਿਤੀ 31.12.2017 ਨੂੰ ਰਿਟਾਇਰ ਕੀਤਾ ਜਾ ਸਕਦਾ ਹੈ। ਸ਼੍ਰੀ ਅਮਰਜੀਤ ਸ਼ਰਮਾ, ਜੂਨੀਅਰ ਸਹਾਇਕ ਵੱਲੋਂ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਉਹ ਰਿਟਾਇਰਮੈਂਟ ਲੈਣਾ ਚਾਹੁੰਦਾ ਹੈ, ਇਹ ਉਹ ਬਿਨਾਂ ਕਿਸੇ ਦਬਾਅ ਤੋਂ ਕਰ ਰਿਹਾ ਹੈ। ਉਸ ਵਿਰੁੱਧ ਕੋਈ ਵਿਭਾਗੀ ਜਾਂ ਚੋਕਸੀ ਪੜਤਾਲ ਨਹੀਂ ਹੈ। ਉਸ ਵੱਲੋਂ ਹਲਫੀਆ ਬਿਆਨ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਜੇਕਰ ਉਸ ਵੱਲ ਕੋਈ ਬਕਾਇਆਜਾਤ ਨਿਕਲਦਾ ਹੈ ਤਾਂ ਉਹ ਭਰਨ ਲਈ ਜਿੰਮੇਵਾਰ ਹੋਵੇਗਾ। ਸ਼੍ਰੀ ਜਰਨੈਲ ਸਿੰਘ ਪੁੱਤਰ ਸ਼੍ਰੀ ਸੁਦਾਗਰ ਸਿੰਘ, ਇੰਸਪੈਕਟਰ, ਨਗਰ ਨਿਗਮ ਬਠਿੰਡਾ ਨੇ ਹਲਫੀਆ ਬਿਆਨ ਦਿੱਤਾ ਹੈ ਕਿ ਜੇਕਰ ਸ਼੍ਰੀ ਅਮਰਜੀਤ ਸ਼ਰਮਾ ਵੱਲ ਬਾਦ ਵਿੱਚ ਕੋਈ ਡਿਊ ਨਿਕਲਦਾ ਹੈ ਤਾਂ ਉਹ ਭਰਨ ਦਾ ਜਿੰਮੇਵਾਰ ਹੋਵੇਗਾ। ਇਸ ਅਨੁਸਾਰ ਸ਼੍ਰੀ ਅਮਰਜੀਤ ਸ਼ਰਮਾ, ਜੂਨੀਅਰ ਸਹਾਇਕ ਨੂੰ ਮਿਤੀ 31.12.2017 ਤੋਂ Premature Retirement ਦਿੱਤੀ ਜਾ ਸਕਦੀ ਹੈ। ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪਰੰਤੂ ਕੋਈ ਵੀ ਅਦਾਇਗੀ ਕਰਨ ਤੋਂ ਪਹਿਲਾਂ ਨੋ ਡਿਊ ਸਰਟੀਫਿਕੇਟ ਲੈ ਲਿਆ ਜਾਵੇ।** |

13

ਦਫਤਰੀ ਰਿਪੋਰਟ ਕਿ ਨਗਰ ਨਿਗਮ ਵੱਲੋਂ ਸਾਲ 2016 ਵਿੱਚ ਹੈਡੀਕੈਪ ਕੋਟੇ ਦਾ ਬੈਕਲਾਗ ਪੂਰਾ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਭਰਤੀ ਪ੍ਰਕੀਰਿਆ ਅਮਲ ਵਿੱਚ ਲਿਆਂਦੀ ਸੀ। ਇਸ ਅਨੁਸਾਰ ਕਲੱਰਕ, ਗੂੰਗਾ ਬੋਲਾ 1, ਮਾਲੀ (ਆਰਥੋ) 1, ਸਫਾਈ ਸੇਵਕ (ਗੂੰਗਾ ਬੋਲਾ) 5, ਸਫਾਈ ਸੇਵਕ (ਨੇਤਰਹੀਣ) 5, ਸਫਾਈ ਸੇਵਕ (ਆਰਥੋ) 7 ਦੀਆਂ ਆਸਾਮੀਆਂ ਦਾ ਬੈਕਲਾਗ ਸੀ। ਇਸ ਅਨੁਸਾਰ ਅਖਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਅਰਜੀਆਂ ਦੀ ਮੰਗ ਕੀਤੀ ਗਈ ਸੀ। ਵੱਖ-ਵੱਖ ਕੈਟਾਗਰੀ ਲਈ ਤਕਰੀਬਨ 800 ਦਰਖਾਸਤਾਂ ਆਈਆਂ। ਇਸ ਭਰਤੀ ਪ੍ਰਕੀਰਿਆ ਲਈ ਸਹਾਇਕ ਕਮਿਸ਼ਨਰ (ਸ਼ਿਕਾਇਤਾਂ), ਜਿਲਾ ਭਲਾਈ ਅਫਸਰ, ਜਿਲਾ ਸਮਾਜਿਕ ਸੁਰੱਖਿਆ ਅਫਸਰ, ਡਿਪਟੀ ਮੇਅਰ, ਸ਼੍ਰੀ ਹਰਮਿੰਦਰ ਸਿੰਘ ਕੌਂਸਲਰ, ਸ਼੍ਰੀ ਬਲਜੀਤ ਸਿੰਘ ਕੌਂਸਲਰ, ਸ਼੍ਰੀਮਤੀ ਸੁਖਵਿੰਦਰ ਕੋਰ ਕੌਂਸਲਰ, ਨਿਗਰਾਨ ਇੰਜੀਨੀਅਰ, ਨਿਗਮ ਇੰਜੀਨੀਅਰ ਅਤੇ ਦਫਤਰ ਸੁਪਰਡੈਂਟ ਦੀ ਕਮੇਟੀ ਬਣਾਈ ਗਈ ਸੀ। ਉਹਨਾਂ ਵੱਲੋਂ ਇੰਟਰਵਿਊ/ ਸਰਟੀਫਿਕੇਟ ਚੈਕ ਕਰਨ ਉਪਰੰਤ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਸਨ। ਸਫਾਈ ਸੇਵਕ (ਆਰਥੋ) ਦੀ ਆਸਾਮੀ ਵਿੱਚ ਸ਼੍ਰੀ ਬਲਕਾਰ ਸਿੰਘ ਲੜੀ ਨੰ: 2, ਮੈਰਿਟ ਲਿਸਟ ਅਤੇ ਸ਼੍ਰੀ ਸੁਖਪ੍ਰੀਤ ਸਿੰਘ ਲੜੀ ਨੰ: 6 ਮੈਰਿਟ ਲਿਸਟ ਨੇ ਜੁਆਇਨ ਨਹੀਂ ਕੀਤਾ। ਹੁਣ ਸ਼੍ਰੀ ਕਮਲ ਕੁਮਾਰ ਲੜੀ ਨੰ: 8 ਮੈਰਿਟ ਲਿਸਟ ਵੱਲੋਂ ਵਾਰ-ਵਾਰ ਦਰਖਾਸਤਾਂ ਦਿੱਤੀਆਂ ਜਾ ਰਹੀਆਂ ਹਨ ਕਿ ਉਸਨੂੰ ਡਿਊਟੀ ਤੇ ਹਾਜ਼ਰ ਕਰਵਾਇਆ ਜਾਵੇ। ਇਸ ਸਬੰਧੀ ਨਗਰ ਨਿਗਮ ਵੱਲੋਂ ਰਾਏ ਲਈ ਜਿਲਾ ਸਮਾਜਿਕ ਸੁਰੱਖਿਆ ਅਫਸਰ ਨੂੰ ਲਿਖਿਆ ਗਿਆ ਸੀ। ਜਿਲਾ ਸਮਾਜਿਕ ਸੁਰੱਖਿਆ ਅਫਸਰ ਵੱਲੋਂ ਆਪਣੇ

ਜਵਾਬ ਵਿੱਚ ਲਿਖਿਆ ਗਿਆ ਹੈ ਕਿ ਅਗਲੇ ਹੈਡੀਕੈਪ ਵਿਅਕਤੀ ਨੂੰ ਨਿਯੁਕਤੀ ਪੱਤਰ ਜਾਰੀ ਕੀਤਾ ਜਾ ਸਕਦਾ ਹੈ। ਮੈਰਿਟ ਲਿਸਟ ਦੀ ਕਾਪੀ ਨਾਲ ਨੱਥੀ ਹੈ। ਇਸ ਸਬੰਧੀ ਡਿਪਟੀ ਕੰਟਰੋਲਰ (ਲੋਕਲ ਆਡਿਟ), ਨਗਰ ਨਿਗਮ ਬਠਿੰਡਾ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ "The Administrative approval in this case has been lapsed. The same may be obtained from competent authority." ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪੈਡਿੰਗ ਰੱਖਿਆ ਜਾਂਦਾ ਹੈ।** |

ਸਬ-ਕਮੇਟੀ ਦੀ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 100 : ਸਬ-ਕਮੇਟੀ ਦੀ ਮੀਟਿੰਗ ਮਿਤੀ 17.01.2018 ਵਿੱਚ ਲਏ ਗਏ ਫੈਸਲਿਆਂ ਅਨੁਸਾਰ ਲੜੀ ਨੰਬਰ 1 ਤੇ ਦਰਜ਼ ਕੇਸ ਬਾਰੇ ਕਾਨੂੰਨੀ ਸਲਾਹਕਾਰ ਅਤੇ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਬਠਿੰਡਾ ਦੀ ਰਾਏ ਲੈ ਕੇ ਸਰਕਾਰ ਦੀਆਂ ਤਰਸ ਦੇ ਆਧਾਰ ਤੇ ਨਿਯੁਕਤੀ ਸਬੰਧੀ ਹਦਾਇਤਾਂ ਦੀ ਇਨ-ਬਿਨ ਪਾਲਨਾਂ ਕਰਦੇ ਹੋਏ ਨਿਯੁਕਤੀ ਕੀਤੀ ਜਾਵੇ। ਇਸਤੋਂ ਇਲਾਵਾ ਲੜੀ ਨੰਬਰ 2 ਤੋਂ ਲੜੀ ਨੰਬਰ 13 ਤੱਕ ਸਬ-ਕਮੇਟੀ ਵੱਲੋਂ ਲਏ ਗਏ ਫੈਸਲਿਆਂ ਅਨੁਸਾਰ ਕਾਰਵਾਈ ਕੀਤੀ ਜਾਵੇ।**

## ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:-

**ਏਜੰਡਾ ਨੰਬਰ: 1**

ਰਿਪੋਰਟ ਵਰਕਸ ਸ਼ਾਖਾ ਕਿ ਡੀ.ਐਮ.ਆਰ. ਬਿਲਡਰਜ਼ ਵੱਲੋਂ ਕ੍ਰਿਸ਼ਨਾ ਨਗਰ, ਮਲੋਟ ਰੋਡ ਵਿਖੇ ਕਲੋਨੀ ਅਤੇ ਪਲਾਟ ਰੈਗੂਲਰਾਇਜ਼ ਕਰਵਾਏ ਗਏ ਹਨ। ਰਿਪੋਰਟ ਮੁਤਾਬਿਕ ਡੀ.ਐਮ.ਆਰ. ਬਿਲਡਰਜ਼ ਵੱਲੋਂ ਰੈਗੂਲਰਾਇਜ਼ ਕਰਨ ਲਈ ਚਾਰਜ਼ਿਜ਼ ਭਰੇ ਗਏ ਹਨ। ਹੁਣ ਉਹਨਾਂ ਵੱਲੋਂ ਸੜ੍ਹਕਾਂ ਬਨਾਉਣ ਦੀ ਮੰਗ ਕੀਤੀ ਜਾ ਰਹੀ ਹੈ। ਤਖਮੀਨਾ ਬਨਾਉਣ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਸਾਹਿਬ ਵੱਲੋਂ ਮਿਤੀ 21.02.2018 ਨੂੰ ਦੇ ਦਿੱਤੀ ਗਈ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Technical Sanction of this estimate shall be taken from Head Office. Administrative approval may be sought from General House of MC first." ਤਖਮੀਨਾ ਮੁਬਲਿਗ 74.90 ਲੱਖ ਰੁਪਏ ਦਾ ਪ੍ਰਵਾਨ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 101 : ਪੈਡਿੰਗ ਰੱਖਿਆ ਜਾਂਦਾ ਹੈ।**

**ਏਜੰਡਾ ਨੰਬਰ: 2**

ਰਿਪੋਰਟ ਵਰਕਸ ਸ਼ਾਖਾ ਕਿ ਡੀ.ਐਮ.ਆਰ. ਬਿਲਡਰਜ਼ ਵੱਲੋਂ ਕ੍ਰਿਸ਼ਨਾ ਨਗਰ, ਮਲੋਟ ਰੋਡ ਵਿਖੇ ਕਲੋਨੀ ਅਤੇ ਪਲਾਟ ਰੈਗੂਲਰਾਇਜ਼ ਕਰਵਾਏ ਗਏ ਹਨ। ਹੁਣ ਉਹਨਾਂ ਵੱਲੋਂ ਸਟਰੀਟ ਲਾਈਟ ਲਗਵਾਉਣ ਦੀ ਮੰਗ ਕੀਤੀ ਜਾ ਰਹੀ ਹੈ। ਤਕਮੀਨਾ ਬਨਾਉਣ ਦੀ ਪ੍ਰਵਾਨਗੀ ਕਮਿਸ਼ਨਰ ਸਾਹਿਬ ਵੱਲੋਂ ਮਿਤੀ 21.02.2018 ਨੂੰ ਦੇ ਦਿੱਤੀ ਗਈ ਹੈ। ਇਸ ਲਈ ਸਟਰੀਟ ਲਾਈਟ ਦਾ ਪ੍ਰਬੰਧ ਕਰਨ ਲਈ 9.88 ਲੱਖ ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇਹ ਤਕਮੀਨਾ ਸੀ.ਐਸ. ਆਰ. ਰੇਟਾਂ ਅਤੇ ਮਾਰਕੀਟ ਰੇਟਾਂ ਤੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਿਆਰ ਕੀਤਾ ਗਿਆ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Technically sanctioned for Rs. 9.88 lakh. Adminstrative Approval may be sought from General House of MC. ਤਖਮੀਨੇ ਮੁਬਲਿਗ 9.88 ਲੱਖ ਰੁਪਏ ਦਾ ਪ੍ਰਵਾਨ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 102 : ਪੈਡਿੰਗ ਰੱਖਿਆ ਜਾਂਦਾ ਹੈ।**

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ:

1. ਪੀ.ਏ.ਟੂ ਮੇਅਰ
2. ਪੀ.ਏ. ਟੂ ਕਮਿਸ਼ਨਰ
3. ਸਮੂਹ ਨਿਗਮ ਇੰਜੀਨੀਅਰ/ ਸਹਾਇਕ ਨਿਗਮ ਇੰਜੀਨੀਅਰ
4. ਮਿਉਂਸਪਲ ਟਾਊਨ ਪਲੈਨਰ
5. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
6. ਡਿਪਟੀ ਕੰਟਰੋਲਰ (ਲੋਕਲ ਆਡਿਟ)
7. ਸਕੱਤਰ
8. ਸਮੂਹ ਸੁਪਰਡੈਂਟ
9. ਸਿਹਤ ਅਫਸਰ/ਚੀਫ ਸੈਨਟਰੀ ਇੰਸਪੈਕਟਰ
10. ਸਹਾਇਕ ਮੰਡਲ ਫਾਇਰ ਅਫਸਰ
11. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਮੰਡਲ ਨੰ: 1 ਅਤੇ 2
12. ਸਟੋਰ ਕੀਪਰ

ਪਾਸ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

**ਸੁਪਰਡੈਂਟ**
**ਨਗਰ ਨਿਗਮ,ਬਠਿੰਡਾ।**